ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194895821245311/

YouTube https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 31 ਜਨਵਰੀ 2024 (ਨਾਨਕਸ਼ਾਹੀ ਸੰਮਤ : ੫੫੫, ੧੮ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111, +447976210161, +919729091243




## ਅਮਰੀਕਾ ਤੋਂ ਦਿਲ ਦਹਿਲਾ ਦੇਣ ਵਾਲੀ ਖਬਰ ! ਨਸ਼ੇੜੀ ਵੱਲੋਂ ਹਥੌੜੇ ਮਾਰ-ਮਾਰ ਭਾਰਤੀ ਵਿਦਿਆਰਥੀ ਦਾ ਕਤਲ, ਸਿਰ 'ਤੇ ਕੀਤੇ 50 ਵਾਰ

**ਵਾਸ਼ਿੰਗਟਨ, 30 ਜਨਵਰੀ (ਆਵਾਜ਼ਿ ਕੌਮ ਬਿਊਰੋ)**- ਅਮਰੀਕਾ ਤੋਂ ਦਿਲ ਦਹਿਲਾਉਣ ਵਾਲੀ ਘਟਨਾ ਸਾਹਮਣੇ ਆਈ ਹੈ। ਇੱਥੇ ਇੱਕ ਨਸ਼ੇੜੀ ਨੇ ਹਥੌੜੇ ਮਾਰ-ਮਾਰ ਭਾਰਤੀ ਵਿਦਿਆਰਥੀ ਦਾ ਕਤਲ ਕਰ ਦਿੱਤਾ। ਉਸ ਨੇ ਭਾਰਤੀ ਵਿਦਿਆਰਥੀ ਦੇ ਸਿਰ ਉੱਪਰ ਹਥੌੜੇ ਨਾਲ 50 ਦੇ ਕਰੀਬ ਵਾਰ ਕੀਤੇ। ਹੈਰਾਨੀ ਦੀ ਗੱਲ ਹੈ ਕਿ ਭਾਰਤੀ ਵਿਦਿਆਰਥੀ ਇਸ ਬੇਘਰੇ ਨਸ਼ੇੜੀ ਦੀ ਮਦਦ ਕਰ ਰਿਹਾ ਸੀ। ਵਿਵੇਕ ਸੈਣੀ ਨਾਂ ਦੇ ਵਿਦਿਆਰਥੀ ਨੇ ਹਮਲਾਵਰ ਜੂਲੀਅਨ ਫੌਕਨਰ ਨੂੰ ਸ਼ਰਨ ਦਿੱਤੀ ਸੀ। ਹਾਸਲ ਜਾਣਕਾਰੀ ਮੁਤਾਬਕ ਅਮਰੀਕਾ 'ਚ ਜੌਰਜੀਆ ਦੇ ਲਿਥੋਨੀਆ ਸ਼ਹਿਰ 'ਚ ਇੱਕ ਬੇਘਰੇ ਨਸ਼ੇੜੀ ਨੇ ਉਸ 25 ਸਾਲਾ ਭਾਰਤੀ ਵਿਦਿਆਰਥੀ ਦੀ ਹੀ ਹੱਤਿਆ ਕਰ ਦਿੱਤੀ ਜੋ ਉਸ ਨੂੰ ਸਹਾਰਾ ਦੇ ਰਿਹਾ ਸੀ। ਉਸ ਨੇ ਵਿਦਿਆਰਥੀ ਦੇ ਸਿਰ 'ਤੇ ਤਕਰੀਬਨ 50 ਵਾਰ ਹਥੌੜਾ ਮਾਰਿਆ ਜਿਸ ਨਾਲ ਉਸ ਦੀ ਮੌਤ ਹੋ ਗਈ। ਇਹ ਘਟਨਾ ਕੈਮਰੇ 'ਚ ਕੈਦ ਹੋ ਗਈ ਹੈ ਜਿਸ ਵਿੱਚ ਹਮਲਾਵਰ ਜੂਲੀਅਨ ਫੌਕਨਰ ਹਾਲ ਹੀ ਵਿੱਚ ਐਮਬੀਏ ਕਰਨ ਵਾਲੇ ਭਾਰਤੀ ਵਿਦਿਆਰਥੀ ਵਿਵੇਕ ਸੈਣੀ ਦੇ ਸਿਰ 'ਤੇ ਹਥੌੜੇ ਨਾਲ ਵਾਰ ਕਰਦਾ ਨਜ਼ਰ ਆ ਰਿਹਾ ਹੈ। ਮੀਡੀਆ ਚੈਨਲ ਨੇ ਦੱਸਿਆ ਕਿ ਸੈਣੀ, ਫੌਕਨਰ ਨੂੰ ਸ਼ਰਨ ਦੇਣ ਵਾਲੇ ਸਟੋਰ 'ਚ ਕਲਰਕ ਵਜੋਂ ਕੰਮ ਕਰਦਾ ਸੀ। ਚੈਨਲ ਨੇ ਕਿਹਾ ਕਿ ਸੈਣੀ ਨੇ ਫੌਕਨਰ ਦੀ ਮਦਦ ਕਰਦਿਆਂ ਦੋ ਦਿਨ ਉਸਨੂੰ ਖਾਣ-ਪੀਣ ਦਾ ਸਾਮਾਨ ਤੇ ਠੰਢ ਤੋਂ ਬਚਣ ਲਈ ਇੱਕ ਜੈਕੇਟ ਵੀ ਦਿੱਤੀ ਪਰ ਬਾਅਦ ਵਿੱਚ ਸੁਰੱਖਿਆ ਕਾਰਨਾਂ ਕਰਕੇ ਉਸ ਨੇ ਫੌਕਨਰ ਨੂੰ ਜਾਣ ਲਈ ਬੇਨਤੀ ਕੀਤੀ ਤੇ ਨਾ ਜਾਣ 'ਤੇ ਪੁਲਿਸ ਦੀ ਮਦਦ ਲੈਣ ਦੀ ਗੱਲ ਕਹੀ।

## ਪੰਜਾਬ 'ਚ ਵੱਡਾ ਐਨਕਾਊਂਟਰ

# ਖੇਤਾਂ ਵਿਚ ਗੈਂਗਸਟਰ ਨਾਲ ਹੋਇਆ ਮੁਕਾਬਲਾ

**ਤਰਨਤਾਰਨ, 30 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਜ਼ਿਲ੍ਹਾ ਤਰਨਤਾਰਨ ਦੇ ਕਸਬਾ ਘਰਿਆਲਾ ਵਿਖੇ ਮੰਗਲਵਾਰ ਸਵੇਰੇ ਪੁਲਸ ਅਤੇ ਗੈਂਗਸਟਰ ਦਰਮਿਆਨ ਮੁਕਾਬਲਾ ਹੋ ਗਿਆ। ਇਸ ਦੌਰਾਨ ਗੈਂਗਸਟਰ ਦੀ ਕਾਰ ਖੇਤਾਂ ਵਿਚ ਡਿੱਗ ਗਈ ਅਤੇ ਉਹ ਮੌਕੇ ਤੋਂ ਪੁਲਸ ਉੱਪਰ ਫਾਇਰਿੰਗ ਕਰਦਾ ਹੋਇਆ ਫਰਾਰ ਹੋ ਗਿਆ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਕਾਊਂਟਰ ਇੰਟੈਲੀਜੈਂਸ ਦੀ ਪੁਲਸ ਅੰਮ੍ਰਿਤਸਰ ਨੂੰ ਗੁਪਤ ਸੂਚਨਾ ਪ੍ਰਾਪਤ ਹੋਈ ਸੀ ਕਿ ਇਕ ਵਿਅਕਤੀ ਜਿਸ ਕੋਲ ਨਾਜਾਇਜ਼ ਹਥਿਆਰ ਅਤੇ ਨਸ਼ੀਲਾ ਪਦਾਰਥ ਮੌਜੂਦ ਹੈ ਅਤੇ ਇਹ ਪੁਲਸ ਨੂੰ ਲੁੜੀਂਦਾ ਹੈ। ਅੱਜ ਇਹ ਸਰਹੱਦੀ ਇਲਾਕੇ ਨਜ਼ਦੀਕ ਸਪਲਾਈ ਕਰਨ ਆਇਆ ਹੈ। ਇਸ



ਦੌਰਾਨ ਕਾਊਂਟਰ ਇੰਟੈਲੀਜੈਂਸ ਦੀ ਟੀਮ ਵੱਲੋਂ ਟਰੈਪ ਲਗਾਉਂਦੇ ਹੋਏ ਚਿੱਟੇ ਰੰਗ ਦੀ ਸਵਿਫਟ ਕਾਰ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਜਦੋਂ ਕਾਰ ਵਿਚ ਸਵਾਰ ਵਿਅਕਤੀ ਜੋ ਗੈਂਗਸਟਰ ਦੱਸਿਆ ਜਾ ਰਿਹਾ ਹੈ ਵੱਲੋਂ ਆਪਣੀ ਕਾਰ ਨੂੰ ਤੇਜ਼ ਰਫਤਾਰ ਨਾਲ ਭਜਾਉਣਾ ਸ਼ੁਰੂ ਕਰ ਦਿੱਤਾ ਤਾਂ ਉਸਦੀ ਕਾਰ ਧੁੰਦ ਹੋਣ ਕਾਰਮ ਪਿੰਡ ਕਰਿਆਲਾ ਦੇ ਨਜ਼ਦੀਕ ਰੇਲਵੇ ਫਾਟਕ ਕੋਲ ਖੇਤਾਂ ਵਿਚ ਜਾ ਡਿੱਗੀ। ਇਸ ਦੌਰਾਨ ਕਾਰ ਵਿਚੋਂ ਬਾਹਰ ਨਿਕਲਦੇ ਹੋਏ ਗੈਂਗਸਟਰ ਨੇ ਪੁਲਸ 'ਤੇ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ ਜਿਸ 'ਤੇ ਪੁਲਸ ਨੇ ਜਵਾਬੀ ਫਾਇਰਿੰਗ ਕੀਤੀ ਪਰੰਤੂ ਮੁਲਜ਼ਮ ਧੁੰਦ ਦਾ ਫਾਇਦਾ ਚੁੱਕ ਕੇ ਮੌਕੇ ਤੋਂ ਫਰਾਰ ਹੋ ਗਿਆ। ਇਸ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਥਾਣਾ ਸਦਰ ਪੱਟੀ ਦੀ ਪੁਲਸ ਤੋਂ ਇਲਾਵਾ ਤਰਨਤਾਰਨ ਦੇ ਐੱਸ. ਐੱਸ. ਪੀ. ਅਸ਼ਵਨੀ ਕਪੂਰ ਮੌਕੇ 'ਤੇ ਪੁੱਜੇ ਅਤੇ ਇਲਾਕੇ ਨੂੰ ਸੀਲ ਕਰਦੇ ਹੋਏ ਤਲਾਸ਼ੀ ਅਭਿਆਨ ਸ਼ੁਰੂ ਕਰ ਦਿੱਤਾ ਹੈ।

## ਚੰਡੀਗੜ੍ਹ ਮੇਅਰ ਚੋਣ ਹਾਰਨ ਮਗਰੋਂ ਬੋਲੇ ਰਾਘਵ ਚੱਢਾ- ਭਾਜਪਾ ਨੇ ਦੇਸ਼ ਧ੍ਰੋਹ ਕੀਤਾ

**ਚੰਡੀਗੜ੍ਹ, 30 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਚੰਡੀਗੜ੍ਹ ਮੇਅਰ ਚੋਣ 'ਚ ਭਾਜਪਾ ਦੇ ਮਨੋਜ ਸੋਨਕਰ ਜਿੱਤ ਗਏ। ਜਿੱਥੇ ਇਸ ਜਿੱਤ 'ਤੇ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਆਗੂਆਂ ਵਲੋਂ ਸਵਾਲ ਚੁੱਕੇ ਜਾ ਰਹੇ ਹਨ, ਉੱਥੇ ਹੀ ਇਸ ਦੌਰਾਨ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਰਾਘਵ ਚੱਢਾ ਨੇ ਲਾਈਵ ਹੁੰਦਿਆਂ ਵੱਡੀਆਂ ਗੱਲਾਂ ਕਹੀਆਂ ਹਨ। ਰਾਘਵ ਚੱਢਾ ਨੇ ਕਿਹਾ ਕਿ ਅੱਜ ਪੂਰੇ ਸਦਨ 'ਚ ਹੰਗਾਮਾ ਹੋ ਰਿਹਾ ਸੀ। ਉਨ੍ਹਾਂ ਨੇ ਕਿਹਾ ਜਿਵੇਂ ਹੀ ਭਾਜਪਾ ਦੇ ਉਮੀਦਵਾਰ ਨੂੰ ਮੇਅਰ ਐਲਾਨਿਆ ਗਿਆ, ਉਸ ਤੋਂ ਬਾਅਦ ਜਿੰਨੇ ਵੀ ਬੈਲਟ ਪੇਪਰ ਸੀ, ਉਨ੍ਹਾਂ ਨੂੰ ਜਲਦੀ ਹੀ ਹਟਾ ਕੇ ਇਕ ਕਮਰੇ 'ਚ ਲਾਕ ਕਰ ਦਿੱਤਾ ਗਿਆ ਅਤੇ ਪਤਾ ਨਹੀਂ ਇਨ੍ਹਾਂ ਲੋਕਾਂ ਨੇ ਬੈਲਟ ਪੇਪਰਾਂ ਦਾ ਕੀ ਕੀਤਾ ਅਤੇ ਕਿਸੇ ਵੀ ਪਾਰਟੀ ਦੇ ਕੌਂਸਲਰ ਨੂੰ ਇਹ ਬੈਲਟ ਪੇਪਰ ਨਹੀਂ ਦਿਖਾਏ ਗਏ। ਇਹ ਘਟਨਾ ਦੇਸ਼ ਦੇ ਸਭ ਤੋਂ ਮਹੱਤਵਪੂਰਨ ਸ਼ਹਿਰ ਚੰਡੀਗੜ੍ਹ 'ਚ ਘਟੀ ਹੈ। ਮੈਂ ਸਿਰਫ ਇੰਨਾ ਹੀ ਕਹਿਣਾ ਚਾਹੁੰਦਾ ਹੈ ਕਿ ਭਾਜਪਾ, ਇੰਡੀਆ ਗਠਜੋੜ ਤੋਂ ਇੰਨਾ ਡਰ ਗਈ ਹੈ ਕਿ ਉਹ ਇਸ ਤਰ੍ਹਾਂ



ਦੀਆਂ ਅਸੰਵਿਧਾਨਿਕ ਘਟਨਾਵਾਂ ਨੂੰ ਅੰਜਾਮ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਭਾਜਪਾ ਨੇ ਜੋ ਕੀਤਾ ਹੈ, ਉਹ ਸਿੱਧਾ-ਸਿੱਧਾ ਦੇਸ਼ ਧ੍ਰੋਹ ਹੈ ਅਤੇ ਇਨ੍ਹਾਂ ਲੋਕਾਂ ਖ਼ਲਿਾਫ਼ ਕਾਰਵਾਈ ਹੋਣੀ ਚਾਹੀਦੀ ਹੈ, ਨਹੀਂ ਤਾਂ ਦੇਸ਼ ਦੇ ਆਮ ਆਦਮੀ ਦਾ ਲੋਕਤੰਤਰ ਤੋਂ ਵਿਸ਼ਵਾਸ ਉੱਠ ਜਾਵੇਗਾ। ਮੀਡੀਆ ਨੂੰ ਸੰਬੋਧਨ ਕਰਦਿਆਂ ਸੀਨੀਅਰ ਕਾਂਗਰਸੀ ਆਗੂ ਪਵਨ ਬਾਂਸਲ ਨੇ ਕਿਹਾ ਕਿ ਜੋ ਅੱਜ ਮੇਅਰ ਚੋਣ ਦੌਰਾਨ ਹੋਇਆ ਹੈ, ਅਜਿਹਾ ਜੰਗਲ ਰਾਜ ਦਾ ਨਾਚ ਕਦੇ ਕਿਤੇ ਦੇਖਣ ਨੂੰ ਨਹੀਂ ਮਿਲਿਆ ਹੋਵੇਗਾ। ਵਿਅਕਤੀ ਸੋਚ ਵੀ ਨਹੀਂ ਸਕਦਾ ਸੀ ਕਿ ਇਸ ਹੱਦ ਤੱਕ ਭਾਰਤੀ ਜਨਤਾ ਪਾਰਟੀ ਬੌਖ਼ਲਾ ਕੇ ਆਪਣੀ ਹਾਰ ਆਪਣੇ ਸਾਹਮਣੇ ਦੇਖਦੀ ਹੋਈ ਇਸ ਹੱਦ ਤੱਕ ਪਹੁੰਚ ਜਾਵੇਗੀ।

ਆਵਾਜ਼ਿ ਕੌਮ

Daily Newspaper from U.K.

Publisher/Chief Editor

**Raghbir Singh Walsal**

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ

ਯੂ.ਕੇ. ਮੁੱਖ ਸੰਪਾਦਕ

Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

## ਆਸਟ੍ਰੇਲੀਆ 'ਚ 600 ਕਰੋੜ ਰੁਪਏ ਦੀ ਕੋਕੀਨ ਦੀ ਤਸਕਰੀ ਦੇ ਮਾਮਲੇ 'ਚ ਯੂ. ਕੇ. 'ਚ ਭਾਰਤੀ ਜੋੜਾ ਦੋਸ਼ੀ ਕਰਾਰ

**ਲੰਡਨ, 30 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਬ੍ਰਿਟੇਨ ਵਿੱਚ ਭਾਰਤੀ ਮੂਲ ਦੇ ਇੱਕ ਜੋੜੇ, ਜਿਸ ਦੀ ਭਾਰਤ ਵੱਲੋਂ ਹਵਾਲਗੀ ਦੀ ਮੰਗ ਕੀਤੀ ਗਈ ਸੀ, ਨੂੰ ਆਸਟਰੇਲੀਆ ਵਿਚ ਅੱਧਾ ਟਨ ਤੋਂ ਵੱਧ ਯਾਨੀ 57 ਮਿਲੀਅਨ ਪੌਂਡ (600 ਕਰੋੜ ਰੁਪਏ) ਦੀ ਕੋਕੀਨ ਦੀ ਤਸਕਰੀ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ ਹੈ। ਜਾਂਚ ਤੋਂ ਬਾਅਦ ਪਤਾ ਲੱਗਾ ਕਿ ਉਹ ਇਕ ਕੰਪਨੀ ਨਾਲ ਜੁੜੇ ਹੋਏ ਸਨ। ਉਨ੍ਹਾਂ ਨੇ ਕੰਪਨੀ ਦੇ ਨਾਂ 'ਤੇ ਇਕ ਮੈਟਲ ਟੂਲਬਾਕਸ ਵਿਚ ਲੁਕਾ ਕੇ ਕੋਕੀਨ ਨੂੰ ਜਹਾਜ਼ ਰਾਹੀਂ ਆਸਟ੍ਰੇਲੀਆ ਭੇਜਿਆ ਸੀ। ਇੱਥੇ ਦੱਸ ਦੇਈਏ ਕਿ ਇਹ ਜੋੜਾ ਗੁਜਰਾਤ ਵਿੱਚ ਦੋਹਰੇ ਕਤਲ ਦਾ ਦੋਸ਼ੀ ਹੈ। ਭਾਰਤ ਦੀਆਂ ਬੇਨਤੀਆਂ ਦੇ ਬਾਵਜੂਦ ਬ੍ਰਿਟਿਸ਼ ਅਦਾਲਤਾਂ ਨੇ ਉਨ੍ਹਾਂ ਦੀ ਹਵਾਲਗੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜਾਂਚ ਏਜੰਸੀ ਨੇ ਸੋਮਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਮਈ 2021 ਵਿੱਚ ਸਿਡਨੀ ਪਹੁੰਚਣ 'ਤੇ ਆਸਟਰੇਲੀਆਈ ਬਾਰਡਰ ਫੋਰਸ ਵੱਲੋਂ 57 ਮਿਲੀਅਨ ਡਾਲਰ ਦੀ ਕੋਕੀਨ ਫੜੇ ਜਾਣ ਤੋਂ ਬਾਅਦ ਨੈਸ਼ਨਲ ਕ੍ਰਾਈਮ ਏਜੰਸੀ (ਐੱਨ.ਸੀ.ਏ.) ਦੇ ਜਾਂਚਕਰਤਾਵਾਂ ਨੇ ਇਸ ਨੂੰ ਭੇਜਣ ਵਾਲਿਆਂ ਦੀ ਪਛਾਣ ਈਲਿੰਗ ਦੇ ਹੈਨਵੇਲ ਦੀ ਆਰਤੀ ਧੀਰ (ਉਮਰ 59 ਸਾਲ) ਅਤੇ ਕਵਲਜੀਤ ਸਿੰਘ ਰਾਏਜ਼ਾਦਾ (ਉਮਰ 35 ਸਾਲ) ਵਜੋਂ ਕੀਤੀ ਸੀ।



ਇਹ ਨਸ਼ੀਲੇ ਪਦਾਰਥ ਯੂਕੇ ਤੋਂ ਇੱਕ ਵਪਾਰਕ ਉਡਾਣ ਰਾਹੀਂ ਭੇਜੇ ਗਏ ਸਨ ਅਤੇ ਇਸ ਵਿੱਚ 6 ਮੈਟਲ ਟੂਲਬਾਕਸ ਸਨ, ਜਿਨ੍ਹਾਂ ਨੂੰ ਖੋਲ੍ਹਣ 'ਤੇ 514 ਕਿਲੋ ਕੋਕੀਨ ਪਾਈ ਗਈ ਸੀ। ਅਧਿਕਾਰੀਆਂ ਨੂੰ ਪਤਾ ਲੱਗਾ ਕਿ ਇਹ ਖੇਪ ਆਰਤੀ ਧੀਰ ਅਤੇ ਰਾਏਜ਼ਾਦਾ ਤੋਂ ਆਈ ਸੀ। ਉਨ੍ਹਾਂ ਨੇ ਨਸ਼ਿਆਂ ਦੀ ਤਸਕਰੀ ਦੇ ਇਕੋ-ਇਕ ਮਕਸਦ ਲਈ ਵਾਈਫਲਾਈ ਫਰੇਟ ਸਰਵਿਸਿਜ਼ ਨਾਂ ਦੀ ਫਰੰਟ ਕੰਪਨੀ ਬਣਾਈ ਸੀ। ਨੈਰੋਬੀ ਵਿੱਚ ਜਨਮੀ 59 ਸਾਲਾ ਬ੍ਰਿਟਿਸ਼ ਭਾਰਤੀ ਆਰਤੀ ਧੀਰ ਦਾ ਪਰਿਵਾਰ ਪੰਜਾਬ ਦੇ ਗੁਰਦਾਸਪੁਰ ਤੋਂ ਹੈ। ਔਰਤ ਦਾ 35 ਸਾਲਾ ਪਤੀ ਕਵਲਜੀਤ ਸਿੰਘ ਰਾਏਜ਼ਾਦਾ ਗੁਜਰਾਤ ਦੇ ਕੇਸ਼ੋਦ ਦਾ ਰਹਿਣ ਵਾਲਾ ਹੈ। ਸੋਮਵਾਰ ਨੂੰ ਸਾਊਥਵਾਰਕ ਕਰਾਊਨ ਕੋਰਟ ਵਿੱਚ ਸੁਣਵਾਈ ਤੋਂ ਬਾਅਦ ਜੱਜਾਂ ਦੀ ਇੱਕ ਜਿਊਰੀ ਨੇ ਉਨ੍ਹਾਂ ਨੂੰ ਨਿਰਯਾਤ ਦੇ 12 ਮਾਮਲਿਆਂ ਅਤੇ ਮਨੀ ਲਾਂਡਰਿੰਗ ਦੇ 18 ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ। ਹਾਲਾਂਕਿ ਧੀਰ ਅਤੇ ਰਾਏਜ਼ਾਦਾ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਹੁਣ ©31 ਉਨ੍ਹਾਂ ਖਿਲਾਫ਼ ਗੈਰ-ਕਾਨੂੰਨੀ ਤੌਰ 'ਤੇ ਹਾਸਲ ਕੀਤੀ ਜਾਇਦਾਦ ਨੂੰ ਜ਼ਬਤ ਕਰਨ ਲਈ ਕਾਰਵਾਈ ਸ਼ੁਰੂ ਕਰੇਗਾ।

ਜਾਰੀ ਬਿਆਨ 'ਚ ਕਿਹਾ ਕਿ ਦੋਵੇਂ ਦੋਸ਼ੀ ਜੂਨ 2015 'ਚ ਕੰਪਨੀ ਦੀ ਸਥਾਪਨਾ ਤੋਂ ਬਾਅਦ ਵੱਖ-ਵੱਖ ਸਮੇਂ 'ਤੇ ਇਸ ਦੇ ਡਾਇਰੈਕਟਰ ਰਹੇ ਹਨ। ਰਾਏਜ਼ਾਦਾ ਦੀਆਂ ਉਂਗਲਾਂ ਦੇ ਨਿਸ਼ਾਨ ਪਲਾਸਟਿਕ ਰੈਪਿੰਗ 'ਤੇ ਪਾਏ ਗਏ। ਉਥੇ ਹੀ ਇਸ ਜੋੜੇ ਦੇ ਘਰੋਂ ਜਿਨ੍ਹਾਂ ਟੂਲਬਾਕਸ ਵਿਚ ਨਸ਼ੀਲੇ ਪਦਾਰਥਾਂ ਲੁਕਾਏ ਗਏ ਸਨ, ਦੀਆਂ ਰਸੀਦਾਂ ਮਿਲੀਆਂ ਹਨ। ਦਾਅਵਾ ਕੀਤਾ ਕਿ ਜੂਨ 2019 ਤੋਂ ਹੁਣ ਤੱਕ ਆਸਟਰੇਲੀਆ ਨੂੰ 37 ਖੇਪ ਭੇਜੀਆਂ ਗਈਆਂ ਹਨ। ਧੀਰ ਅਤੇ ਰਾਏਜ਼ਾਦਾ ਦੋਵੇਂ ਲੰਡਨ ਦੇ ਹੀਥਰੋ ਵਿੱਚ ਇੱਕ ਫਲਾਈਟ ਸਰਵਿਸ ਕੰਪਨੀ ਵਿੱਚ ਕੰਮ ਕਰਦੇ ਸਨ। ਇਸ ਦਾ ਫਾਇਦਾ ਉਠਾ ਕੇ ਉਨ੍ਹਾਂ ਨੇ ਆਪਣੀਆਂ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦਿੱਤਾ। ਧੀਰ ਅਤੇ ਰਾਏਜਾਦਾ ਨੂੰ 21 ਜੂਨ, 2021 ਨੂੰ ਹੈਨਵੇਲ ਸਥਿਤ ਉਨ੍ਹਾਂ ਦੇ ਘਰ ਤੋਂ ਗ੍ਰਿਫ਼ਤਾਰ ਕੀਤਾ ਸੀ।

ਉਨ੍ਹਾਂ ਦੇ ਘਰ ਦੀ ਤਲਾਸ਼ੀ ਲੈਣ 'ਤੇ 5000 ਪੌਂਡ ਦੀਆਂ ਸੋਨੇ ਦੀ ਪਰਤ ਚੜ੍ਹੀਆਂ ਚਾਂਦੀ ਦੀਆਂ ਛੜਾਂ ਅਤੇ 13,000 ਪੌਂਡ ਅਤੇ ਇਕ ਸੁਰੱਖਿਆ ਡਿਪਾਜ਼ਟਿ ਬਾਕਸ ਵਿੱਚ 60,000 ਪੌਂਡ ਨਕਦ ਮਿਲੇ। ਹੋਰ ਜਾਂਚਾਂ ਤੋਂ ਬਾਅਦ ਅਫਸਰਾਂ ਨੇ ਹੈਨਵੇਲ ਵਿੱਚ ਇੱਕ ਸਟੋਰੇਜ ਯੂਨਿਟ ਵਿੱਚ ਬਕਸੇ ਅਤੇ ਸੂਟਕੇਸਾਂ ਵਿੱਚ ਲੁਕਾ ਕੇ ਰੱਖੀ ਗਈ 3 ਮਿਲੀਅਨ ਪੌਂਡ ਦੀ ਨਕਦੀ ਦਾ ਪਤਾ ਲਗਾਇਆ, ਜੋ ਰਾਏਜ਼ਾਦਾ ਨੇ ਆਪਣੀ ਮਾਂ ਦੇ ਨਾਮ 'ਤੇ ਕਿਰਾਏ 'ਤੇ ਲਿਆ ਸੀ। ਵਿੱਤੀ ਪੁੱਛਗਿੱਛ ਵਿੱਚ ਪਾਇਆ ਗਿਆ ਕਿ ਉਹਨਾਂ ਨੇ 800,000 ਪੌਂਡ ਵਿੱਚ ਈਲਿੰਗ ਵਿੱਚ ਇੱਕ ਫਲੈਟ ਅਤੇ 62,000 ਪੌਂਡ ਵਿੱਚ ਇੱਕ ਲੈਂਡ ਰੋਵਰ ਵੀ ਖਰੀਦੀ ਸੀ, ਜਦੋਂ ਐੱਚ.ਐੱਮ.ਆਰ.ਸੀ. (ਹਿਜ਼ ਮੈਜੇਸਟੀਜ਼ ਰੈਵੇਨਿਊ ਐਂਡ ਕਸਟਮਜ਼) ਨੂੰ ਸਿਰਫ਼ ਕੁਝ ਹਜ਼ਾਰ ਪੌਂਡ ਦੇ ਮੁਨਾਫ਼ੇ ਬਾਰੇ ਦੱਸਿਆ ਗਿਆ ਸੀ। ਜਾਂਚ ਤੋਂ ਪਤਾ ਲੱਗਾ ਹੈ ਕਿ ਦੋਵੇਂ ਮੁਲਜ਼ਮਾਂ ਨੇ ਬੈਂਕ ਖਾਤਿਆਂ ਵਿੱਚ ਨਕਦੀ ਰੱਖੀ ਹੋਈ ਸੀ ਜੋ ਉਨ੍ਹਾਂ ਦੀ ਘੋਸ਼ਤਿ ਆਮਦਨ ਤੋਂ ਕਿਤੇ ਵੱਧ ਸੀ। ਉਨ੍ਹਾਂ ਨੇ 2019 ਤੋਂ ਲੈ ਕੇ ਹੁਣ ਤੱਕ 22 ਵੱਖ-ਵੱਖ ਬੈਂਕ ਖਾਤਿਆਂ ਵਿੱਚ ਲਗਭਗ 740,000 ਪੌਂਡ ਨਕਦ ਜਮ੍ਹਾ ਕਰਵਾਏ ਸਨ ਅਤੇ ਉਨ੍ਹਾਂ 'ਤੇ ਮਨੀ ਲਾਂਡਰਿੰਗ ਦੇ ਹੋਰ ਦੋਸ਼ ਲਗਾਏ ਗਏ ਸਨ। ਦੱਸਣਯੋਗ ਹੈ ਕਿ ਭਾਰਤ ਨੇ ਗੁਜਰਾਤ ਵਿੱਚ ਦੋਹਰੇ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰਨ ਲਈ 2019 ਵਿੱਚ ਜੋੜੇ ਦੀ ਹਵਾਲਗੀ ਦੀ ਕੋਸ਼ਸ਼ਿ ਕੀਤੀ ਸੀ। ਇਸ ਜੋੜੇ 'ਤੇ ਨਿਤੀਸ਼ ਮੁੰਡ ਨਾਲ ਗੁਜਰਾਤ 'ਚ 12 ਸਾਲਾ ਅਨਾਥ ਗੋਪਾਲ ਸੇਜਾਨੀ ਅਤੇ ਆਪਣੇ ਜੀਜਾ ਹਰਸੁਖਭਾਈ ਛਗਨਭਾਈ ਕਰਦਾਨੀ ਦੇ ਕਤਲ ਲਈ ਸਾਜ਼ਸ਼ਿ ਰਚਣ ਦਾ ਦੋਸ਼ ਹੈ। ਗੋਪਾਲ ਸੇਜਾਨੀ ਨੂੰ ਧੀਰ ਨੇ 2015 ਵਿੱਚ ਗੋਦ ਲਿਆ ਸੀ। ਆਰਤੀ ਧੀਰ ਨੇ ਗੋਪਾਲ ਲਈ 1.3 ਕਰੋੜ ਰੁਪਏ ਦੀ ਬੀਮਾ ਪਾਲਿਸੀ ਲਈ ਸੀ।

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ।।

ਪਰਮ ਸਤਿਕਾਰਯੋਗ ............................................ ਜੀਓ

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ।।



# 10 ਫਰਵਰੀ 2024 ਦੇ
# ਨੁਮਾਇੰਦਾ ਇਕੱਠ
## ਵਿੱਚ ਜਲੰਧਰ ਪਹੁੰਚਣ ਲਈ ਸੱਦਾ ਪੱਤਰ ।

: ਏਜੰਡਾ :

**ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦਾ ਇਨਸਾਫ ਲੈਣ ਹਿੱਤ ਕਾਨੂੰਨੀ ਪੱਖ ਤੇ ਲੋਕ ਲਹਿਰ ਉਸਾਰਨ ਲਈ ।**

ਬੇਨਤੀ ਹੈ ਕਿ ਜਿਵੇਂ ਆਪ ਜੀ ਨੂੰ ਭਲੀ ਭਾਂਤ ਪਤਾ ਹੀ ਹੈ ਕਿ ਅੱਜ ਤੋਂ 31 ਸਾਲ ਪਹਿਲਾਂ ਉਸ ਸਮੇਂ ਦੀ ਕਾਂਗਰਸ ਸਰਕਾਰ ਦੇ ਹੱਥ ਠੋਕੇ ਬੇਅੰਤ ਸਿੰਘ ਮੁੱਖ ਮੰਤਰੀ ਪੰਜਾਬ ਤੇ ਉਸਦੇ ਅਹਿਲਕਾਰਾਂ ਨੇ ਉਸ ਸਮੇਂ ਦੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਉਹਨਾਂ ਦੇ ਆਪਣੇ ਪਿੰਡ ਕਾਉਂਕੇ ਤੋਂ ਪਿੰਡ ਵਾਸੀਆਂ ਦੇ ਸਾਹਮਣੇ ਦਿਨ ਦਿਹਾੜੇ ਗ੍ਰਿਫਤਾਰ ਕਰਕੇ ਸੀ ਆਈ ਏ ਸਟਾਫ ਜਗਰਾਉਂ ਵਿਖੇ ਰੱਖਕੇ ਅਸਹਿ ਤੇ ਅਕਹਿ ਤਸੀਹੇ ਦੇ ਕੇ ਅਤੇ ਕੋਹ ਕੋਹ ਕੇ ਉਹਨਾਂ ਦੇ ਸਰੀਰ ਦੇ ਟੋਟੇ ਟੋਟੇ ਕਰਕੇ, ਭਾਵੇਂ ਇੱਕ ਜਨਵਰੀ 1993 ਨੂੰ ਸਹੀਦ ਕਰ ਦਿੱਤਾ ਗਿਆ ਸੀ । ਪਰ ਉਸ ਸਮੇਂ ਪੁਲਿਸ ਵਲੋਂ ਉਹਨਾਂ ਨੂੰ ਪੁਲਿਸ ਹਿਰਾਸਤ ਵਿੱਚੋਂ ਭੱਜਣ ਦਾ ਡਰਾਮਾ ਰਚਿਆ ਗਿਆ ਸੀ । ਉਸ ਸਮੇਂ ਤੋਂ ਪੰਥ ਵਲੋਂ ਉਹਨਾਂ ਦੇ ਕਾਤਲਾਂ ਨੂੰ ਸਜਾ ਦਿਵਾਉਣ ਲਈ ਇੱਕ ਸੁਰ ਹੋ ਕੇ ਮੰਗ ਉਠਾਉਣ ਦੇ ਬਾਵਜੂਦ ਕਿਸੇ ਵੀ ਹੁਕਮਰਾਨ ਸਰਕਾਰ ਨੇ ਇਸ ਦਾ ਇਨਸਾਫ ਦੇਣ ਦੀ ਬਜਾਏ ਅੱਖੋਂ ਪਰੋਖੇ ਕਰੀ ਰੱਖਿਆ ਇਥੋਂ ਤੱਕ ਕਿ ਪੰਥ ਦੀਆਂ ਵੋਟਾਂ ਲੈ ਕੇ ਤਿੰਨ ਵਾਰ ਸ. ਪ੍ਰਕਾਸ ਸਿੰਘ ਬਾਦਲ ਦੀ ਅਗਵਾਈ ਹੇਠ ਬਣੀ ਅਕਾਲੀ ਸਰਕਾਰ ਨੇ ਆਪਣੀ ਕੌਮ ਦੇ ਜਥੇਦਾਰ ਦਾ ਇਨਸਾਫ ਤਾਂ ਕੀ ਦੇਣਾ ਸੀ ਸਗੋਂ ਕਾਤਲ ਪੁਲਿਸ ਅਫਸਰਾਂ ਨੂੰ ਉਹਨਾਂ ਦੇ ਪਸੰਦੀ ਦੇ ਉੱਚ ਆਹੁਦੇ ਦੇ ਕੇ ਨਿਵਾਜਿਆ ਗਿਆ । ਸ. ਪ੍ਰਕਾਸ ਸਿੰਘ ਬਾਦਲ ਬਾਦਲ ਨੇ ਮੁੱਖ ਮੰਤਰੀ ਤੇ ਸ. ਸੁਖਬੀਰ ਸਿੰਘ ਬਾਦਲ ਨੇ ਗ੍ਰਹਿ ਮੰਤਰੀ ਰਹਿੰਦਿਆਂ ਲਗਾਤਾਰ ਕ੍ਰਮਵਾਰ 13 ਤੇ 8 ਸਾਲ ਬੀ ਪੀ ਤਿਵਾੜੀ ਦੀ ਜਾਂਚ ਰਿਪੋਰਟ ਨੂੰ ਆਪਣੇ ਸਿਰਹਾਣੇ ਤੇ ਗੋਡੇ ਥੱਲੇ ਦਬਾਅ ਕੇ ਕਾਤਲਾਂ ਨੂੰ ਆਪਣੀ ਬੁੱਕਲ ਵਿਚ ਲੈ ਕੇ ਬਚਾਉਂਦੇ ਤੇ ਲਕਾਉਦੇ ਰਹੇ ।

ਪ੍ਰੰਤੂ ਹੁਣ ਉਨਾਂ ਦੇ ਕਤਲ ਦੀ 25 ਸਾਲਾਂ ਬਾਅਦ ਪੁਲਿਸ ਅਫਸਰ ਬੀ ਪੀ ਤਿਵਾੜੀ ਦੀ ਜਾਂਚ ਰਿਪੋਰਟ ਜਨਤਕ ਹੋ ਕੇ ਸ੍ਰੀ ਅਕਾਲ ਤਖਤ ਸਾਹਿਬ ਤੇ ਦਾਖਲ ਹੋਈ ਹੈ । ਇਸ ਰਿਪੋਰਟ ਨੇ ਅੱਜ ਸੰਸਾਰ ਪੱਧਰ ਤੇ ਸਿੱਖ ਕੌਮ ਨੂੰ ਮੁੜ ਅਗਵਾਈ ਦਿੰਦਿਆ ਉਸ ਦੌਰ ਦੀਆਂ ਵਧੀਕੀਆਂ ਤੇ ਜਬਰ ਜੁਲਮ ਦਾ ਇਨਸਾਫ ਲੈਣ ਅਤੇ ਖੇਰੂ-ਖੇਰੂ ਹੋਈ ਕੌਮ ਨੂੰ ਜਗਾਉਣ ਅਤੇ ਇੱਕ ਮੰਚ ਤੇ ਇਕੱਠਿਆਂ ਹੋਣ ਲਈ ਲੋਕ ਲਹਿਰ ਖੜ੍ਹੀ ਕਰਨ ਲਈ ਹਲੂਣਾ ਦਿੱਤਾ ਹੈ ।

ਸੋ ਆਓ ਪੰਥ ਅਤੇ ਪੰਜਾਬ ਦੇ ਦਰਦੀਓ, ਸਾਬਕਾ ਜੱਜ ਸਾਹਿਬਾਨ, ਵਕੀਲ ਸਾਹਿਬਾਨ ਮਨੁੱਖੀ ਅਧਿਕਾਰਾਂ ਲਈ ਅਵਾਜ ਬੁਲੰਦ ਕਰਨ ਵਾਲਿਓ, **10 ਫਰਵਰੀ 2024 ਨੂੰ ਸਵੇਰੇ 11 ਵਜੇ ਜਲੰਧਰ ਦੇ ਗੁਰੂ ਤੇਗ ਬਹਾਦੁਰ ਸਾਹਿਬ ਨਗਰ ਦੇ, ਗੁਰਦੁਆਰਾ ਗੁਰੂ ਤੇਗ ਬਹਾਦਰ** ਵਿਖੇ ਪੁੱਜਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ । ਸੋ ਗੁਰੂ ਹੁਕਮਾਂ ਦੀ ਰੋਸਨੀ ਵਿੱਚ, ਭਵਿੱਖੀ ਰਣਨੀਤੀ ਤਿਆਰ ਕਰਨ ਲਈ ਜਥੇਦਾਰ ਕਾਉਂਕੇ ਦੇ ਇਨਸਾਫ ਲੈਣ ਲਈ ਮੀਟਿੰਗ ਵਿੱਚ ਪਹੁੰਚਣ ਦਾ ਸੱਦਾ ਪ੍ਰਵਾਨ ਕਰਨਾ ਜੀ ।

: ਨੋਟ :

ਜਥੇਦਾਰ ਕਾਉਂਕੇ ਸਾਹਿਬ ਦੇ ਮੁੱਦੇ ਤੇ ਇਨਸਾਫ ਲੈਣ ਲਈ ਕਨੂੰਨੀ ਰਾਏ ਤੇ ਲੋਕ ਲਹਿਰ ਖੜ੍ਹੀ ਕਰਨ ਲਈ ਆਪਣੇ ਕੀਮਤੀ ਸੁਝਾਅ ਸੰਖੇਪ ਸਬਦਾਂ ਵਿੱਚ ਲਿਖਕੇ ਲੈ ਕੇ ਆਉਣ ਦੀ ਕ੍ਰਿਪਾਲਤਾ ਕਰਨੀ ਜੀ । ਆਪ ਜੀ ਦੇ ਧੰਨਵਾਦੀ ਹੋਵਾਂਗੇ ।

ਆਵਾਜ਼ਿ ਕੌਮ AWAZE QAUM International Newspaper & WEB TV

: ਗੁਰੂ ਪੰਥ ਦੇ ਦਾਸ :

**ਤਾਲਮੇਲ ਇਨਸਾਫ਼ ਕਮੇਟੀ**

**ਅਮਰ ਸ਼ਹੀਦ ਜਥੇਦਾਰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ**

**ਕਾਰਜਕਾਰੀ ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ**

ਸੰਪਰਕ ਨੰਬਰ : 9872482164, 9814013915, 9814015740, 9779750126, ਕਨੂੰਨੀ ਸੁਝਾਅ ਦੇਣ ਵਾਸਤੇ ਨੰਬਰ : 9878421013

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net


# ਦਿੱਲੀ ਨੇ ਪੰਜਾਬ ਵਿੱਚ ਨਸ਼ੇ ਦਾ ਸ਼ਿਕਾਰ ਬਣਾਈ ਜੁਆਨੀ

ਦਿੱਲੀ ਵੱਲੋਂ ਪੰਜਾਬ ਵਿੱਚ ਨਸ਼ੇ ਦਾ ਸ਼ਿਕਾਰ ਬਣਾਈ ਸਿੱਖ ਜੁਆਨੀ ਨੂੰ ਨਰਕ ਭਰੀ ਜ਼ੀਂਦਗੀ ਚੋਂ ਬਾਹਰ ਕੱਢਕੇ ਜਿਵੇਂ ਹੀ ਭਾਈ ਅੰਮ੍ਰਿਤਪਾਲ ਸਿੰਘ ਨੇ ਗੁਰਸਿੱਖੀ ਨਾਲ ਜੋੜਨ ਦੀ ਮੁਹਿੰਮ ਛੇੜੀ ਅਤੇ ਸਿੱਖ ਕੌਮ ਦੀ ਅਜ਼ਾਦੀ ਦੇ ਸੰਘਰਸ਼ ਨੂੰ ਸੰਵਾਦ ਦੇ ਮੈਦਾਨ ਵਿੱਚ ਲੜਨ ਲਈ ਬਿਪਰ ਨੂੰ ਵੰਗਾਰਿਆ ਤਾਂ ਧੋਤੀ ਧਾਰੀ ਭਾਰਤੀ ਬਿਪਰ ਸੱਤਾਵਾਨ ਨੂੰ ਤਰੇਲੀਆਂ ਆ ਗਈਆਂ ਸਨ ।




ਘਬਰਾਏ ਬਿਪਰ ਨੇ ਜਿਵੇਂ ਮਾਰਚ 2023 ਵਿੱਚ ਪੂਰੇ ਪੰਜਾਬ ਤੇ ਧਾਵਾ ਕਰਕੇ ਸੈਂਕੜੇ ਨੌਜਵਾਨਾਂ ਦੀ

ਆਵਾਜ਼ਿ ਕੌਮ AWAZE QAUM
International Newspaper & WEB TV

ਫੜੋ ਫੜਾਈ ਕੀਤੀ, ਪੰਜਾਬ ਪੁਲਿਸ ਦੀਆਂ ਧਾੜਾਂ ਨੇ ਸਰਕਾਰੀ ਹੂਟਰ ਵਜ੍ਹਾ ਵਜ੍ਹਾ ਲੋਕਾਂ ਅੰਦਰ ਜਿਵੇਂ ਦਹਿਸ਼ਤ ਪੈਦਾ ਕੀਤੀ ਤਾਂ ਆਪਣੇ ਆਪ ਨੂੰ ਪੰਜਾਬ ਅਤੇ ਸਿੱਖ ਹਿਤੈਸ਼ੀ ਹੋਣ ਦਾ ਢੋਂਗ ਕਰਦੇ ਰਹਿੰਦੇ ਕਈ ਸਿੱਖ ਚਿਹਰੇ ਮੋਹਰੇ ਵਾਲੇ ਰਾਸ਼ਟਰਵਾਦੀ ਪੱਤਰਕਾਰਾਂ ਨੇ ਇਸ ਸਰਕਾਰੀ ਦਮਨ ਵਿਰੁੱਧ ਖਾਮੋਸ਼ੀ ਹੀ ਨਹੀਂ ਧਾਰੀ ਬਲਕਿ ਭਾਈ ਅੰਮ੍ਰਿਤਪਾਲ ਸਿੰਘ ਖਿਲਾਫ ਹੀ ਮਾਹੌਲ ਸਿਰਜਣ ਲਈ ਪੂਰਾ ਟਿੱਲ ਲਾਇਆ।

ਪਰ ਹੁਣ ਜਦੋਂ ਯੂ ਟਿਊਬ ਚੈਨਲਾਂ ਵਾਲੇ ਉਹੀ ਚਰਚਿਤ ਸੱਜਣ ਇੱਕ ਛੋਟੇ ਜਿਹੇ ਸਮਾਜ ਸੇਵੀ ਖਿਲਾਫ ਹੋਈ ਪੁਲਸੀਆ ਕਾਰਵਾਈ ਨੂੰ ਆਵਦੇ ਪ੍ਰੋਗਰਾਮ ਦੀ ਪਹਿਲੀ ਖਬਰ ਵਜੋਂ ਪ੍ਰਮੁੱਖਤਾ ਦੇ ਕੇ ਲੰਬੀ ਚਰਚਾ ਕਰਦੇ ਹਨ ਤਾਂ ਓਹਨਾ ਦੀ ਸੋਚ ਅਤੇ ਨੀਅਤ ਤੇ ਹੈਰਾਨੀ ਹੀ ਨਹੀਂ ਸਗੋਂ ਸ਼ੱਕ ਪੁਖਤਾ ਹੁੰਦੀ ਹੈ ਕਿ ਹਰੇਕ ਮਸਲੇ ਦੀ ਬਰੀਕ ਸਮਝ ਰੱਖਦੇ ਇਹ ਪ੍ਰੋੜ ਅਤੇ ਆਵਦੇ ਖੇਤਰ ਦੇ ਤਜਰਬੇਕਾਰ ਸੱਜਣਾਂ ਵੱਲੋਂ ਰਾਈ ਦਾ ਪਹਾੜ ਬਨਾਉਣ ਪਿੱਛੇ ਅਸਲ ਮਾਜਰਾ ਕੀ ਹੈ।

ਇੱਕ ਗੱਲ ਤਾਂ ਚਿੱਟੇ ਦਿਨ ਵਾਂਗ ਸਪੱਸ਼ਟ ਹੈ ਕਿ ਪੰਜਾਬ ਦੇ ਜੰਮਿਆਂ ਅਤੇ ਗੁਰਸਿੱਖੀ ਨਾਲ ਪਿਆਰ ਕਰਦੇ ਲੋਕਾਂ ਦੇ ਦਿਲਾਂ ਅੰਦਰ ਦਿੱਲੀ ਵੱਲੋਂ ਪੰਜਾਬ ਅਤੇ ਸਿੱਖੀ ਖ਼ਿਲਾਫ਼ ਦਹਾਕਿਆਂ ਤੋਂ ਚਲਾਈ ਜ਼ਾਲਮਾਨਾ ਨਸਲਕੁਸ਼ੀ ਹਨੇਰੀ ਖਿਲਾਫ ਸੁਲਘਦੀ ਜ਼ਵਾਲਾ ਦੀਆਂ ਚੰਗਿਆੜੀਆਂ ਤੋਂ ਦਿੱਲੀ ਭਲੀ ਭਾਂਤ ਵਾਕਿਫ਼ ਹੈ। ਭਾਰਤੀ ਸਟੇਟ ਸੰਤ ਭਿੰਡਰਾਂਵਾਲੇ ਵਰਗੀ ਗੁਰਮਤਿ ਰਹਿਣੀ ਬਹਿਣੀ ਅਤੇ ਕਰਨੀ ਵਾਲੀ ਹਸਤੀ ਨੂੰ ਇਸ ਜਵਾਰਭਾਟੇ ਦਾ ਆਗੂ ਬਨ ਜਾਣ ਦੇ ਨਤੀਜਿਆਂ ਤੋਂ ਵੀ ਅਨਜਾਣ ਨਹੀਂ ਹੈ।

ਇਸ ਲਈ ਦਿੱਲੀ ਦੀ ਇਹ ਸਿਰਤੋੜ ਕੋਸ਼ਸ਼ਿ ਰਹੇਗੀ ਕਿ ਲੋਕਾਂ ਦੀ ਇਸ ਬੇਗਾਨਗੀ ਅਤੇ ਰੋਹ ਦੀ ਧਾਰਾ ਨੂੰ ਕਿਸੇ ਵੀ ਤਰਾਂ ਗੁਰਮਤਿ ਦਾ ਰੰਗ ਨਾ ਚੜ੍ਹੇ ਅਤੇ ਨਾ ਹੀ ਕੋਈ ਸਿੱਖ ਹਸਤੀ ਆਗੂ ਵਜੋਂ ਅੱਗੇ ਆਵੇ।

ਪਰ ਲੋਕ ਅਤੇ ਜੁਆਨੀ ਹੁਣ ਬਹੁਤ ਸਮਝਦਾਰ ਹੈ।

**ਦਸਮ ਪਾਤਸ਼ਾਹ ਸਭ ਥਾਈਂ ਹੋਇ ਸਹਾਇ।**

**-ਜਸਵੰਤ ਸਿੰਘ 'ਭਾਈ ਜਾਨ'**


24 SERVICE EVERYDAY HOURS
PURE AND NATURAL 100% VEGETARIAN PURE AND NATURAL
Enjoy Real Taste of PUNJAB
KD
FULLY A.C. HALL
Khehra VAISHNO DHABA
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment



ਪੰਜਾਬੀ
ਸਿੱਖੋ ਬੋਲੋ ਪੜ੍ਹੋ ਲਿਖੋ
ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ
Love Maa Boli Punjabi

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼

ਮੁਕਤਾ | ਾ ਕੰਨਾ | ਿ ਸਿਹਾਰੀ | ੀ ਬਿਹਾਰੀ
ੁ ਔਂਕੜ | ੂ ਦੁਲੈਂਕੜ | ੇ ਲਾਂ | ੈ ਦੁਲਾਵਾਂ
ੋ ਹੋੜਾ | ੌ ਕਨੌੜਾ | ੰ ਟਿੱਪੀ | ਾਂ ਕੰਨਾ-ਬਿੰਦੀ
www.damdamitaksal.net

੧ ੨ ੩ ੪ ੫ ੬ ੭ ੮ ੯ ੧੦
www.damdamitaksal.net
Learn Speak Read Write
PUNJABI

# ਦਿੱਲੀ ਅੰਦੋਲਨ-2 ਦੀ ਤਿਆਰੀ ਲਈ ਹੋਈ ਪਿੰਡ ਅਬਦਾਲ ਵਿੱਚ ਇਤਿਹਾਸਿਕ ਕਨਵੈਨਸ਼ਨ, ਜ਼ਿਲ੍ਹੇ ਅੰਮ੍ਰਿਤਸਰ ਸਮੇਤ ਪੰਜਾਬ ਭਰ ਵਿੱਚ ਭਾਰੀ ਉਤਸ਼ਾਹ




**ਅੰਮ੍ਰਿਤਸਰ, 30 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਜਿਲ੍ਹਾ ਅੰਮ੍ਰਿਤਸਰ ਵਿੱਚ ਸੂਬਾ ਆਗੂ ਸਰਵਣ ਸਿੰਘ ਪੰਧੇਰ, ਜਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਅਤੇ ਜਿਲ੍ਹਾ ਸਕੱਤਰ ਗੁਰਲਾਲ ਸਿੰਘ ਮਾਨ ਦੀ ਅਗਵਾਈ ਵਿੱਚ ਜਿਲ੍ਹੇ ਅੰਮ੍ਰਿਤਸਰ ਵਿੱਚ ਦਿੱਲੀ ਅੰਦੋਲਨ 2 ਦੀਆਂ ਤਿਆਰੀਆਂ ਲਗਾਤਾਰ ਮੀਟਿੰਗਾਂ ਅਤੇ ਕਨਵੈਨਸ਼ਨਾਂ ਕਰਕੇ ਕੀਤੀਆਂ ਜਾ ਰਹੀਆਂ ਹਨ, ਜਿਸ ਦੇ ਚਲਦੇ ਪਿੰਡ ਅਬਦਾਲ ਵਿੱਚ ਚਾਰ ਜੋਨਾ, ਜੋਨ ਟਾਹਲੀ ਸਾਹਿਬ, ਜੋਨ ਕੱਥੂ ਨੰਗਲ, ਜੋਨ ਬਾਬਾ ਬੁੱਢਾ ਜੀ, ਜੋਨ ਮਜੀਠਾ, ਦੀ ਵਿਸ਼ਾਲ ਕਨਵੈਨਸ਼ਨ ਕੀਤੀ ਗਈ ਜਿਸ ਵਿੱਚ ਕਿਸਾਨ ਮਜਦੂਰ ਅਤੇ ਬੀਬੀਆਂ ਨੇ ਹਜ਼ਾਰਾ ਦੀ ਗਿਣਤੀ ਵਿੱਚ ਸੈਂਕੜੇ ਟ੍ਰੈਕਟਰ ਟਰਾਲੀਆਂ ਤੇ ਸਵਾਰ ਹੋ ਕੇ ਪਹੁੰਚੇ । ਇਸ ਮੌਕੇ ਬੋਲਦੇ ਆਗੂਆਂ ਨੇ ਦਿੱਲੀ ਅੰਦੋਲਨ ਦੀ ਅਹਿਮੀਅਤ ਅਤੇ ਮੰਗਾਂ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਅੱਜ ਪੰਜਾਬ ਸਮੇਤ ਪੂਰੇ ਦੇਸ਼ ਵਿੱਚ ਕਿਸਾਨ ਮਜਦੂਰ ਸੰਘਰਸ਼ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਓਹਨਾ ਕਿਹਾ ਕਿ ਅੱਜ ਕਿਸਾਨ ਅਤੇ ਮਜ਼ਦੂਰ ਨੂੰ ਮੋਢੇ ਨਾਲ ਮੋਢਾ ਜੋੜ ਕੇ ਇੱਕ ਦੂਜੇ ਦਾ ਸਾਥ ਦੇਣ ਦੀ ਲੋੜ ਹੈ ਕਿਉ ਕਿ ਅੱਜ ਸੰਘਰਸ਼ ਓਸ ਮੋੜ ਤੇ ਹੈ ਜ਼ੋ ਇਹਨਾਂ ਦਾ ਭਵਿੱਖ ਤਹਿ ਕਰੇਗਾ। ਓਹਨਾ ਕਿਹਾ ਕਿ ਦਿੱਲੀ ਅੰਦੋਲਨ ਦੀਆਂ ਮੁੱਖ ਮੰਗਾਂ ਵਿੱਚ ਸਾਰੀਆਂ ਫ਼ਸਲਾਂ ਦੀ ਖਰੀਦ ਤੇ ਐਮ ਐਸ ਪੀ ਗਰੰਟੀ ਕਨੂੰਨ ਬਣਵਾ ਕੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਫ਼ਸਲਾਂ ਦੇ ਭਾਅ ਲਾਗੂ ਕਰਵਾਉਣਾ, ਫ਼ਸਲੀ ਬੀਮਾ ਯੋਜਨਾ ਲਾਗੂ ਕਰਵਾਉਣਾ, ਜਮੀਨ ਐਕਵਾਇਰ ਕਰਨ ਸਬੰਧੀ ਕਨੂੰਨ 2013 ਵਾਲੇ ਸਰੂਪ ਵਿੱਚ ਲਾਗੂ ਹੋਵੇ, ਲਖੀਮਪੁਰ ਖੀਰੀ ਕਤਲਕਾਂਡ ਦਾ ਇੰਨਸਾਫ਼ ਕਰਦੇ ਹੋਏ ਦੋਸ਼ੀਆ ਨੂੰ ਸਜ਼ਾ ਕਰਵਾਉਣਾ, ਕਿਸਾਨ ਮਜਦੂਰ ਦੀ ਪੈਨਸ਼ਨ ਸਕੀਮ, ਭਾਰਤ ਨੂੰ ਵਿਸ਼ਵ ਵਪਾਰ ਸੰਸਥਾ ਵਿੱਚੋ ਬਾਹਰ ਹੋਵੇ, ਆਦਿਵਾਸੀਆਂ ਦੀ 5ਵੀਂ ਸੂਚੀ ਲਾਗੂ ਕੀਤੀ ਜਾਵੇ, ਗੰਨਾ ਉਤਪਾਦਕਾਂ ਦੀਆਂ ਮੰਗਾਂ ਹੱਲ ਕਰਵਾਉਣਾ ਹੈ । ਇਸ ਮੌਕੇ ਸੂਬਾ ਆਗੂ ਲਖਵਿੰਦਰ ਸਿੰਘ ਵਰਿਆਮ ਨੰਗਲ, ਜਿਲ੍ਹਾ ਆਗੂ ਬਲਦੇਵ ਸਿੰਘ ਬੱਗਾ, ਕੰਧਾਰ ਸਿੰਘ ਭੋਏਵਾਲ, ਸਵਿੰਦਰ ਸਿੰਘ ਰੂਪੋਵਾਲੀ, ਗੁਰਭੇਜ ਸਿੰਘ ਝੰਡੇ, ਮੁਖਤਾਰ ਸਿੰਘ ਭਗਵਾਂ, ਕਿਰਪਾਲ ਸਿੰਘ ਕਲੇਰ, ਗੁਰਬਾਜ਼ ਸਿੰਘ ਭੁੱਲਰ, ਮੇਜਰ ਸਿੰਘ ਅਬਦਾਲ, ਟੇਕ ਸਿੰਘ ਝੰਡੇ, ਲਖਬੀਰ ਸਿੰਘ ਕੱਥੂਨੰਗਲ,ਜਗਤਾਰ ਸਿੰਘ ਅਬਦਾਲ, ਗੁਰਦੇਵ ਸਿੰਘ ਮੁਘੋਸੋਹੀ, ਬਲਵਿੰਦਰ ਸਿੰਘ ਕਲੇਰ ਬਾਲਾ ਹਾਜ਼ਰਿ ਰਹੇ।

ਆਵਾਜ਼ਿ ਕੌਮ AWAZE QAUM International Newspaper & WEB TV


ਪੰਥਕ ਸ਼ਬਦ ਸਚੀ ਟਕਸਾਲ ॥
ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net
ਨਾਮ ਜਪੋ ਕਿਰਤ ਕਰੋ ਵੰਡ ਛਕੋ
Naam Japo Kirat Karo Vand Shako
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ

ਰੰਧਾਵਾ ਪਗੜੀ ਸੈਂਟਰ

ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
✦ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446



ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote


ਸੰਤ ਜਰਨੈਲ ਸਿੰਘ
ਖ਼ਾਲਸਾ
ਭਿੰਡਰਾਂਵਾਲਿਆਂ ਦੇ
ਅਤਿ ਨਜ਼ਦੀਕੀ,
ਸਿੱਖ ਸਟੂਡੈਂਟਸ
ਫ਼ੈਡਰੇਸ਼ਨ ਦੇ
ਰੂਹੇ ਰਵਾਂ,
ਆਵਾਜ਼ਿ ਕੌਮ
AWAZE QAUM
International Newspaper & WEB TV
ਰੌਸ਼ਨ ਦਿਮਾਗ ਸ਼ਖਸੀਅਤ
ਸ਼ਹੀਦ ਭਾਈ ਹਰਮਿੰਦਰ ਸਿੰਘ ਸੰਧੂ
ਦੀ ਯਾਦ ਨੂੰ ਸਮਰਪਿਤ
ਮਹਾਨ ਪੰਥਕ ਸਮਾਗਮ
ਸ਼ਨੀਵਾਰ, 3 ਫ਼ਰਵਰੀ 2024
ਪਿੰਡ ਮਟੀਆ, ਤਹਿਸੀਲ ਅਜਨਾਲਾ
ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਵੇਗਾ
ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ
ਬੇਨਤੀ ਕਰਤਾ : ਸ: ਪ੍ਰਿਤਪਾਲ ਸਿੰਘ, ਸ: ਬਲਜੀਤ ਸਿੰਘ ਖਾਲਸਾ, ਡਾ. ਭਗਵਾਨ ਸਿੰਘ, ਸ: ਜਸਵੰਤ ਸਿੰਘ ਰੋਡੇ,
ਸ: ਰਣਜੀਤ ਸਿੰਘ ਰਾਣਾ, ਸ: ਪ੍ਰੀਤਮ ਸਿੰਘ ਜੋਗਾਨੰਗਲ, ਸ: ਤਜਿੰਦਰਪਾਲ ਸਿੰਘ ਟਿੰਮਾ, ਸ: ਵਿਜੈਪਾਲ ਸਿੰਘ,
ਬਾਬਾ ਭਗਵਾਨ ਸਿੰਘ ਕਾਰ ਸੇਵਾ, ਸ: ਬਲਬੀਰ ਸਿੰਘ ਯੂ.ਐਸ.ਏ. ਸ: ਕੁਲਜੀਤ ਸਿੰਘ ਢਿੱਲੋਂ,
ਸ: ਸਰਬਜੀਤ ਸਿੰਘ ਦਿੱਲੀ, ਸ: ਹਰਮਿੰਦਰਪਾਲ ਸਿੰਘ, ਸ: ਮਹੇਸ਼ਇੰਦਰ ਸਿੰਘ ਗੁਲਾਬਗੜ੍ਹ, ਸ: ਜਰਨੈਲ ਸਿੰਘ,
ਸ: ਅਮਨਦੀਪ ਸਿੰਘ ਐਲੇ, ਸ: ਪ੍ਰਭਪ੍ਰੀਤ ਸਿੰਘ, ਸ: ਪਰਮਿੰਦਰ ਸਿੰਘ ਪਾਂਗਲੀ, ਸ: ਭਗਤ ਸਿੰਘ,
ਸ: ਜਗਰੂਪ ਸਿੰਘ ਸੰਧੂ, ਸ: ਮਨਜੀਤ ਸਿੰਘ, ਸ: ਮਨਜਿੰਦਰਪਾਲ ਸਿੰਘ ਰੋਡੇ,
ਸ: ਅਮਰਜੀਤ ਸਿੰਘ ਖਾਲਿਸਤਾਨੀ, ਸ: ਕੁਲਵਿੰਦਰ ਸਿੰਘ ਚਾਹਲ, ਸ: ਹਰਦੀਪ ਸਿੰਘ ਲੋਹਾਖੇੜ੍ਹਾ
ਸੰਪਰਕ ਨੰਬਰ : 92565 55555, 98140 52435

# ਖਾਲਿਸਤਾਨ ਰੈਫਰੰਡਮ ਦੀਆ ਵੋਟਾਂ ਮੌਕੇ ਸਿੱਖ ਨੌਜਵਾਨਾਂ ਦੇ ਵੱਡੇ ਜੱਥੇ ਨੇ ਭਾਈ ਸੁਰਿੰਦਰ ਸਿੰਘ ਠੀਕਰੀਵਾਲ ਦੀ ਅਗਵਾਈ ਵਿੱਚ ਹਾਜ਼ਰੀ ਭਰੀ















ਆਵਾਜ਼ਿ ਕੌਮ AWAZE QAUM
International Newspaper & WEB TV











--✶ ਜਾਰੀ ਕਰਤਾ ✶--

## ਜੱਥੇਦਾਰ ਸੁਰਿੰਦਰ ਸਿੰਘ ਠੀਕਰੀਵਾਲ

## ਮੁਖ ਸੇਵਾਦਾਰ ਜੱਥਾ ਠੀਕਰੀਵਾਲ

## ਬਠਿੰਡਾ ਦੇ ਡਿਪਟੀ ਕਮਿਸ਼ਨਰ ਵਜੋਂ

# ਜਸਪ੍ਰੀਤ ਸਿੰਘ ਨੇ ਸੰਭਾਲਿਆ ਚਾਰਜ




**ਬਠਿੰਡਾ, 30 ਜਨਵਰੀ (ਗੁਰਜੰਟ ਸਿੰਘ ਨਥੇਹਾ)**- ਅੱਜ ਇੱਥੇ ਡਿਪਟੀ ਕਮਿਸ਼ਨਰ ਵਜੋਂ ਸ. ਜਸਪ੍ਰੀਤ ਸਿੰਘ (ਆਈਏਐਸ) ਨੇ ਆਪਣਾ ਚਾਰਜ ਸੰਭਾਲ ਲਿਆ ਹੈ। 2014 ਬੈਚ ਦੇ ਆਈਏਐਸ ਅਧਿਕਾਰੀ ਸ. ਜਸਪ੍ਰੀਤ ਸਿੰਘ ਇਸ ਸਮੇਂ ਡਾਇਰੈਕਟਰ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀਆਂ ਵਿਭਾਗ ਤੋਂ ਇਲਾਵਾ ਪੰਜਾਬ ਨਿਵੇਸ਼ ਪ੍ਰਮੋਸ਼ਨ ਬਿਊਰੋ ਦੇ ਵਧੀਕ ਸੀ.ਈ.ਓ. ਵਜੋਂ ਆਪਣੀਆਂ ਸੇਵਾਵਾਂ ਨਿਭਾਅ ਰਹੇ ਸਨ। ਇਸ ਤੋਂ ਪਹਿਲਾਂ ਸ. ਜਸਪ੍ਰੀਤ ਸਿੰਘ ਵੱਖ-ਵੱਖ ਜ਼ਿਲ੍ਹਿਆਂ ਵਿੱਚ ਬਤੌਰ ਡਿਪਟੀ ਕਮਿਸ਼ਨਰ ਵਜੋਂ ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾਅ ਚੁੱਕੇ ਹਨ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪਹੁੰਚਣ 'ਤੇ ਡਿਪਟੀ ਕਮਿਸ਼ਨਰ ਨੂੰ ਪੰਜਾਬ ਪੁਲਿਸ ਦੀ ਟੁਕੜੀ ਵਲੋਂ ਸਲਾਮੀ ਵੀ ਦਿੱਤੀ ਗਈ।ਇਸ ਮੌਕੇ ਡਿਪਟੀ ਕਮਿਸ਼ਨਰ ਸ. ਜਸਪ੍ਰੀਤ ਸਿੰਘ ਨੇ ਜ਼ਿਲ੍ਹਾ ਪ੍ਰਸ਼ਾਸਨਿਕ ਤੇ ਪੁਲਿਸ ਅਧਿਕਾਰੀਆਂ ਨਾਲ ਬੈਠਕ ਕਰਕੇ ਅਧਿਕਾਰੀਆਂ ਕੋਲੋਂ ਜ਼ਿਲ੍ਹੇ ਨਾਲ ਸਬੰਧਤ ਲੋੜੀਂਦੀ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਦਫ਼ਤਰ ਆਉਣ ਵਾਲੇ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨਾ ਯਕੀਨੀ ਬਣਾਇਆ ਜਾਵੇ। ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਸ. ਜਸਪ੍ਰੀਤ ਸਿੰਘ ਨੇ ਕਿਹਾ ਕਿ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਹਰ ਤਰ੍ਹਾਂ ਦੀਆਂ ਲੋਕ ਭਲਾਈ ਸਕੀਮਾਂ ਤੋਂ ਕੋਈ ਵੀ ਯੋਗ ਵਿਅਕਤੀ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਸੂਬਾ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇੱਕ ਚੰਗਾ, ਸੁਚੱਜਾ ਅਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਮੁਹੱਈਆ ਕਰਵਾਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਇਸ ਮੌਕੇ ਕਮਿਸ਼ਨਰ ਨਗਰ ਨਿਗਮ ਸ਼੍ਰੀ ਰਾਹੁਲ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਡਾ. ਮਨਦੀਪ ਕੌਰ, ਐਸਡੀਐਮ ਬਠਿੰਡਾ ਸ਼੍ਰੀਮਤੀ ਇਨਾਯਤ, ਐਸਡੀਐਮ ਮੌੜ ਸ਼੍ਰੀ ਵਰਿੰਦਰ ਸਿੰਘ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਸ਼੍ਰੀਮਤੀ ਨੀਰੂ ਗਰਗ, ਸਹਾਇਕ ਕਮਿਸ਼ਨਰ ਜਨਰਲ ਸ਼੍ਰੀ ਪੰਕਜ ਤੋਂ ਇਲਾਵਾ ਹੋਰ ਅਧਿਕਾਰੀ ਆਦਿ ਹਾਜ਼ਰ ਸਨ।

## ਗੁਰੂ ਕਾਸ਼ੀ ਯੂਨੀਵਰਸਿਟੀ ਦੀਆਂ ਖਿਡਾਰਨਾਂ ਬਣੀਆਂ "ਆਲ ਇੰਡੀਆ ਇੰਟਰ ਯੂਨੀਵਰਸਿਟੀ ਚੈਂਪੀਅਨ"

# ਜੀ.ਕੇ.ਯੂ. ਦੀ ਨਿਸ਼ਾ ਬਣੀ ਬੈਸਟ ਰੇਡਰ ਤੇ ਸੀ.ਯੂ ਦੀ ਸਾਕਸ਼ੀ ਨੂੰ ਮਿਲਿਆ ਬੈਸਟ ਡਿਫੈਂਡਰ ਦਾ ਖਿਤਾਬ



**ਤਲਵੰਡੀ ਸਾਬੋ, 30 ਜਨਵਰੀ (ਗੁਰਜੰਟ ਸਿੰਘ ਨਥੇਹਾ)**-ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਆਯੋਜਿਤ ਛੇ ਰੋਜ਼ਾ ਨੋਰਥ ਜ਼ੋਨ/ਆਲ ਇੰਡੀਆ ਇੰਟਰ ਯੂਨੀਵਰਸਿਟੀ ਚੈਂਪੀਅਨਸ਼ਿਪ-2024 (ਲੜਕੀਆਂ) ਦਾ ਖਿਤਾਬ ਮੇਜ਼ਬਾਨ ਖਿਡਾਰਨਾਂ ਨੇ ਚੰਡੀਗੜ੍ਹ ਯੂਨੀਵਰਸਿਟੀ, ਮੋਹਾਲੀ ਨੂੰ 31-25 ਦੇ ਫਰਕ ਨਾਲ ਹਰਾ ਕੇ ਜਿੱਤਿਆ। ਇਸ ਮੌਕੇ ਹੋਏ ਸ਼ਾਨਦਾਰ ਤੇ ਪ੍ਰਭਾਵਸ਼ਾਲੀ ਸਮਾਰੋਹ 'ਤੇ ਆਪਣੇ ਵਧਾਈ ਸੰਦੇਸ਼ ਵਿੱਚ ਚਾਂਸਲਰ ਸ. ਗੁਰਲਾਭ ਸਿੰਘ ਸਿੱਧੂ ਤੇ ਮੈਨੇਜਿੰਗ ਡਾਇਰੈਕਟਰ ਸ. ਸੁਖਰਾਜ ਸਿੰਘ ਸਿੱਧੂ ਨੇ ਇਸ ਸ਼ਾਨਾਮੱਤੀ ਪ੍ਰਾਪਤੀ ਤੇ ਜੀ.ਕੇ.ਯੂ. ਦੇ ਅਧਿਕਾਰੀਆਂ, ਖਿਡਾਰੀਆਂ, ਕੋਚ, ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਖਿਡਾਰਨਾਂ ਦੀ ਇਹ ਉਪਲਬਧੀ ਬਾਕੀ ਵਿਦਿਆਰਥੀਆਂ ਲਈ ਇੱਕ ਪ੍ਰੇਰਨਾ ਸਰੋਤ ਦਾ ਕੰਮ ਕਰੇਗੀ। ਚੈਂਪੀਅਨਸ਼ਿਪ ਦੇ ਇਨਾਮ ਵੰਡ ਸਮਾਰੋਹ ਵਿੱਚ ਮੁੱਖ ਮਹਿਮਾਨ ਉਪ ਕੁਲਪਤੀ ਪ੍ਰੋ.(ਡਾ.) ਐਸ.ਕੇ.ਬਾਵਾ ਨੇ ਖਿਡਾਰੀਆਂ ਨੂੰ ਹੋਰ ਮਿਹਨਤ ਕਰਨ ਤੇ ਅਭਿਆਸ ਕਰਕੇ ਆਪਣੀ ਖੇਡ ਕਲਾ ਨੂੰ ਨਿਖਾਰਨ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਚੈਂਪੀਅਨਸ਼ਿਪ ਦੇ ਸਫਲ ਆਯੋਜਨ ਲਈ 'ਵਰਸਿਟੀ ਪ੍ਰਬੰਧਕਾਂ, ਮਹਿਮਾਨਾਂ, ਟੀਮਾਂ, ਅਧਿਕਾਰੀਆਂ, ਜੀ.ਕੇ.ਯੂ ਦੇ ਡਾਇਰੈਕਟਰ ਸੋਪਰਟਸ, ਖੇਡ ਵਿਭਾਗ ਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ। ਉਨ੍ਹਾਂ ਖਿਡਾਰਨਾਂ ਨੂੰ ਆਪਣੇ ਜੋਸ਼, ਜਨੂਨ ਨੂੰ ਹੋਰ ਪੱਕਾ ਅਤੇ ਦ੍ਰਿੜ ਕਰਨ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਕਿਹਾ ਕਿ ਇਹ ਅਜੇ ਸਫਲਤਾ ਤੇ ਸ਼ੋਹਰਤ ਦੀ ਪਹਿਲੀ ਪੌੜੀ ਹੈ, ਅਜੇ ਜ਼ਿੰਦਗੀ ਵਿੱਚ ਜਿੱਤਣ ਲਈ ਆਸਮਾਨ ਦੀ ਉੱਚਾਈ ਤੱਕ ਬਹੁਤ ਕੁਝ ਬਾਕੀ ਹੈ।ਚੈਂਪੀਅਨਸ਼ਿਪ ਦੇ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਡਾਇਰੈਕਟਰ ਸਪੋਰਟਸ ਡਾ. ਬਲਵਿੰਦਰ ਕੁਮਾਰ ਸ਼ਰਮਾ ਨੇ ਦੱਸਿਆ ਸੈਮੀ ਫਾਈਨਲ ਵਿੱਚ ਚੰਡੀਗੜ੍ਹ ਯੂਨੀਵਰਸਿਟੀ ਨੇ ਕੁਰਕਸ਼ੇਤਰਾ ਯੂਨੀਵਰਸਿਟੀ ਨੂੰ (30-29) ਦੇ ਨੇੜਲੇ ਮੁਕਾਬਲੇ ਵਿੱਚ ਹਰਾਇਆ। ਯੂਨੀਵਰਸਿਟੀ ਆਫ਼ ਕੋਟਾ (ਰਾਜਸਥਾਨ) ਤੇ ਕੁਰਕਸ਼ੇਤਰਾ ਯੂਨੀਵਰਸਿਟੀ, ਕੁਰਕਸ਼ੇਤਰਾ ਨੂੰ ਅੰਕਾਂ ਦੇ ਆਧਾਰ ਤੇ ਸਾਂਝੇ ਤੌਰ 'ਤੇ ਤੀਜਾ ਸਥਾਨ ਹਾਸਿਲ ਹੋਇਆ। ਇਸ ਮੌਕੇ ਆਯੋਜਕਾਂ ਵੱਲੋਂ ਅੰਤਰ-ਰਾਸ਼ਟਰੀ ਕਬੱਡੀ ਖਿਡਾਰੀ ਪੂਜਾ, ਕੁਰਕਸ਼ੇਤਰਾ ਯੂਨੀਵਰਸਿਟੀ ਤੇ ਆਲ ਇੰਡੀਆ ਯੂਨੀਵਰਸਿਟੀ ਅਧਿਕਾਰੀ ਤੇ ਚੈਂਪੀਅਨਸ਼ਿਪ ਦੇ ਓਬਸਰਵਰ ਡਾ. ਸੁਨੀਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਨਾਮ ਵੰਡ ਸਮਾਰੋਹ ਵਿੱਚ ਜੇਤੂ ਖਿਡਾਰੀਆਂ ਨੂੰ ਟਰਾਫੀਆਂ ਅਤੇ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਫੈਕਲਟੀ ਦੇ ਡੀਨ, ਸਟਾਫ ਅਤੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ।



## ਚੰਡੀਗੜ੍ਹ ਯੂਨੀਵਰਸਿਟੀ, ਮੋਹਾਲੀ ਬਣੀ ਰਨਰ ਅੱਪ ਚੈਂਪੀਅਨ

# ਸਿੱਧੂ ਨੇ ਦੌਰੇ ਦੌਰਾਨ ਸੁਣੀਆਂ ਲੋਕ ਮੁਸ਼ਕਿਲਾਂ

## ਕਿਹਾ ਰਾਮਾਂ ਮੰਡੀ ਨਾਲ ਸਬੰਧਿਤ ਮਸਲਿਆਂ ਵੱਲ ਧਿਆਨ ਦੇਵੇ ਸਰਕਾਰ



**ਤਲਵੰਡੀ ਸਾਬੋ, 30 ਜਨਵਰੀ (ਗੁਰਜੰਟ ਸਿੰਘ ਨਥੇਹਾ)**-ਕਾਂਗਰਸ ਦੇ ਸੀਨੀਅਰ ਆਗੂ ਅਤੇ ਹਲਕਾ ਤਲਵੰਡੀ ਸਾਬੋ ਦੇ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਨੇ ਅੱਜ ਪਿੰਡਾਂ ਦਾ ਦੌਰਾ ਕਰਦਿਆਂ ਜਿੱਥੇ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਸੁਣ ਉਨਾਂ ਦੇ ਜਲਦ ਹੱਲ ਲਈ ਸਬੰਧਿਤ ਅਧਿਕਾਰੀਆਂ ਨਾਲ ਗੱਲ ਕਰਨ ਦਾ ਭਰੋਸਾ ਦਿੱਤਾ ਉੱਥੇ ਉਨਾਂ ਹਲਕੇ ਚ ਕਿਸੇ ਕਿਸਮ ਦਾ ਵੀ ਵਿਕਾਸ ਕਾਰਜ ਨਾ ਹੋਣ 'ਤੇ ਚਿੰਤਾ ਪ੍ਰਗਟ ਕਰਦਿਆਂ ਸਰਕਾਰ ਤੋਂ ਇਸ ਪਾਸੇ ਧਿਆਨ ਦੇਣ ਦੀ ਮੰਗ ਕੀਤੀ। ਸਿੱਧੂ ਜੋ ਅੱਜ ਵਿਸ਼ੇਸ ਤੌਰ ਤੇ ਕੁਲਦੀਪ ਦੰਦੀਵਾਲ ਅਤੇ ਅੰਤਰ ਦੰਦੀਵਾਲ ਦੇ ਪਿਤਾ ਅਤੇ ਸਾਬਕਾ ਪੁਲਿਸ ਅਧਿਕਾਰੀ ਮਹਿੰਦਰ ਸਿੰਘ ਥਾਣੇਦਾਰ ਦੀ ਅੰਤਿਮ ਅਰਦਾਸ ਦੀਆਂ ਰਸਮਾਂ 'ਚ ਸ਼ਾਮਿਲ ਹੋਣ ਪੁੱਜੇ ਸਨ ਨੇ ਬਾਅਦ 'ਚ ਕਈ ਪਿੰਡਾਂ ਦਾ ਦੌਰਾ ਕਰਦਿਆਂ ਲੋਕ ਮੁਸ਼ਕਿਲਾਂ ਸੁਣੀਆਂ ।ਗੱਲਬਾਤ ਕਰਦਿਆਂ ਸਿੱਧੂ ਨੇ ਕਿਹਾ ਕਿ ਹਲਕੇ 'ਚ ਕੋਈ ਵੀ ਵਿਕਾਸ ਦਾ ਕੰਮ ਨਹੀ ਚੱਲ ਰਿਹਾ। ਇੱਥੋਂ ਤੱਕ ਕਿ ਕਈ ਥਾਈਂ ਲੋਕਾਂ ਨੂੰ ਮੁਢਲੀਆਂ ਸਹੂਲਤਾਂ ਵੀ ਹੁਣ ਉਪਲੱਬਧ ਨਹੀ ਹਨ। ਪਿੰਡਾਂ/ਸ਼ਹਿਰਾਂ ਦੀਆਂ ਸੰਪਰਕ ਸੜਕਾਂ ਦੀ ਹਾਲਤ ਅਤਿ ਖਸਤਾ ਹੈ ਪਰ ਉਨਾਂ ਦੀ ਮੁਰੰਮਤ ਤੱਕ ਵੱਲ ਧਿਆਨ ਨਹੀ ਦਿੱਤਾ ਜਾ ਰਿਹਾ ਉੱਧਰ ਹਲਕੇ ਦੀ ਵਪਾਰਕ ਮੰਡੀ ਰਾਮਾਂ ਮੰਡੀ 'ਚ ਲੋਕ ਸਹੂਲਤਾਂ ਦਾ ਅਤਿ ਮੰਦਾ ਹਾਲ ਹੈ। ਉਨਾਂ ਕਿਹਾ ਕਿ ਰਾਮਾਂ ਮੰਡੀ ਚ ਸੀਵਰੇਜ ਓਵਰਫਲੋ ਕਾਰਨ ਗੰਦਾ ਪਾਣੀ ਲੋਕਾਂ ਦੇ ਘਰਾਂ 'ਚ ਵੜਨ ਦੀਆਂ ਖਬਰਾਂ ਸਾਹਮਣੇ ਆ ਰਹੀਆਂ ਹਨ ਪਰ ਸ਼ਹਿਰ ਦੀ ਸਾਰ ਲੈਣ ਲਈ ਸਰਕਾਰ ਦਾ ਕੋਈ ਨੁਮਾਇੰਦਾ ਜਾਂ ਅਧਿਕਾਰੀ ਦਿਲਚਸਪੀ ਨਹੀ ਰੱਖਦਾ।ਉਨਾਂ ਮੰਗ ਕੀਤੀ ਕਿ ਪਿੰਡਾਂ ਦੇ ਅਧੂਰੇ ਵਿਕਾਸ ਕਾਰਜਾਂ ਲਈ ਤੁਰੰਤ ਗ੍ਰਾਂਟਾਂ ਜਾਰੀ ਹੋਣ ਅਤੇ ਵਪਾਰਕ ਨਗਰ ਰਾਮਾਂ ਮੰਡੀ ਵੱਲ ਸਰਕਾਰ ਵਿਸ਼ੇਸ ਤਵੱਜੋ ਦੇਵੇ ਤਾਂਕਿ ਲੋਕਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆ ਸਕੇ। ਇਸ ਮੌਕੇ ਉਨਾਂ ਨਾਲ ਜਥੇਦਾਰ ਗੁਰਤੇਜ ਸਿੰਘ ਜੋਧਪੁਰ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ, ਅਵਤਾਰ ਮੈਨੂੰਆਣਾ ਸਾਬਕਾ ਪ੍ਰਧਾਨ ਟਰੱਕ ਯੂਨੀਅਨ ਤਲਵੰਡੀ, ਸੀਨੀਅਰ ਕਾਂਗਰਸੀ ਆਗੂ ਸੁਖਬੀਰ ਸਿੰਘ ਚੱਠਾ, ਭਾਗ ਸਿੰਘ ਕਾਕਾ ਗੁਰੂਸਰ, ਭੋਲਾ ਸਿੰਘ ਕਲਾਲਵਾਲਾ, ਤਰਸੇਮ ਸਿੰਘ ਲਾਲੇਆਣਾ, ਨਵਦੀਪ ਸਿੰਘ ਭਾਈ ਬਖਤੌਰ, ਜਗਤਾਰ ਨੰਗਲਾ, ਗੁਰਮੇਲ ਲਾਲੇਆਣਾ, ਐਡਵੋਕੇਟ ਜਗਦੀਪ ਸਿੰਘ ਪੂਨੀਆ, ਧਰਵਿੰਦਰ ਸਿੰਘ ਢਿੱਲੋਂ ਗਿਆਨਾ, ਬਲਵੀਰ ਸਿੰਘ ਗਿਆਨਾ ਆਦਿ ਆਗੂ ਵੀ ਮੌਜੂਦ ਸਨ।

# ਬੀਬੀ ਕਰਤਾਰ ਕੌਰ ਜੀ ਨਵੇਂ ਚੰਨਣਕੇ ਵਾਲਿਆਂ ਦਾ ਹੋਇਆ ਦਿਹਾਂਤ



ਚੌਕ ਮਹਿਤਾ, 30 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ) ਗੁਰਦਆਰਾ ਬਾਬਾ ਚੰਨਣ ਜੀ ਦੇ ਸੀਨੀਅਰ ਪਰਬੰਧਿਕ ਕਮੇਟੀ ਦੇ ਸਾਬਕਾ ਮੈਂਬਰ ਅਤੇ ਸਮਾਜ ਸੇਵੀ ਸੂਬੇਦਾਰ ਸ, ਗੁਰਮੇਜ ਸਿੰਘ ਰੰਧਾਵਾ ਸੁਰਗਵਾਸੀ,ਦੀ ਧਰਮ ਪਤਨੀ ਸਤਿਕਾਰ ਯੋਗ ਬੀਬੀ ਕਰਤਾਰ ਕੌਰ ਅਚਾਨਕ ਸਿਹਤ ਖਰਾਬ ਹੋਣ ਕਾਰਣ ਉਨ੍ਹਾਂ ਦਾ ਦੇਹਾਂਤ ਹੋ ਗਿਆ ਹੈ ।ਬੀਬੀ ਕਰਤਾਰ ਕੌਰ ਜੀ ਦੀ ਉਮਰ ਲੱਗਭੱਗ 75 ਸਾਲ ਦੇ ਸਨ ।ਇਸ ਦੁੱਖ ਦੀ ਘੜੀ ਵਿੱਚ ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਬਹੁਤ ਗਿਣਤੀ ਵਿੱਚ ਰਿਸਤੇਦਾਰ, ਧਾਰਮਿਕ,ਰਾਜਨੀਤਕ ,ਸਮਾਜ ਸੇਵਕਾਂ ਨੇ ਦੁੱਖ ਸਾਂਝਾ ਕੀਤਾ। ਊਨ੍ਹਾਂ ਦੇ ਨਮਿੱਤ ਪਵਿੱਤਰ ਪਾਵਨ ਗੁਰਬਾਣੀ ਦੇ ਸਹਜ ਪਾਠ ਜੀ ਦੇ ਭੋਗ 3 ਫਰਵਰੀ,2024 ਦਿਨ ਸ਼ਨੀਵਾਰ ਨੂੰ ਨਵਾਂ ਚੰਨਣਕੇ ਵਿੱਚ ਹੋਣਗੇ ।ਉਪੰਰਤ ਕੀਰਤਨ ਕਥਾ ਹੋਣਗੇ। ਇਸ ਦੌਰਾਨ ਬੀਬੀ ਕਰਤਾਰ ਕੌਰ ਜੀ ਨੂੰ ਸਰਧਾ ਦੇ ਫ਼ੁੱਲ ਭੇਟ ਕਰਨ ਲਈ ਧਾਰਮਿਕ, ਰਾਜਨੀਤਕ, ਸਮਾਜ ਸੇਵੀ, ਹੋਰ ਬਹੁਤ ਸਾਰੀਆਂ ਸੰਗਤਾਂ ਹਾਜ਼ਰੀਆ ਭਰਨ ਗੀਆ।

# ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ 'ਤੇ ਲੰਗਰ ਲਾਇਆ



**ਚੌਕ ਮਹਿਤਾ, 30 ਜਨਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਰੰਗੜ ਨੰਗਲ ਵਿਖੇ ਪਿੰਡ ਰੰਗੜ ਨੰਗਲ ਦੀਆਂ ਸਮੂਹ ਸੰਗਤਾਂ ਅਤੇ ਨੌਜਵਾਨਾਂ ਵੱਲੋਂ ਦੁੱਧ ਚਾਹ ਪਕੌੜਿਆਂ ਦੇ ਲੰਗਰ ਲਾਇਆ ਗਿਆ । ਇਸ ਮੌਕੇ ਨੌਜਵਾਨਾਂ ਵੱਲੋਂ ਬੜੇ ਉਤਸਾਹ ਨਾਲ ਸੇਵਾ ਕੀਤੀ ਗਈ । ਇਸ ਕੁਲਦੀਪ ਸਿੰਘ, ਗੁਰਜੀਤ ਸਿੰਘ ਸਹੋਤਾ, ਪ੍ਰਗਟ ਸਿੰਘ, ਬਾਬਾ ਬਲਰਾਜ ਸਿੰਘ, ਮਨਜੀਤ ਸਿੰਘ, ਦਿਲਬਾਗ ਸਿੰਘ ਸੋਨੂੰ,ਸਾਜਨਪ੍ਰੀਤ ਸਿੰਘ, ਧਰਮਿੰਦਰ ਸਿੰਘ, ਗੁਰਵਿੰਦਰ ਸਿੰਘ, ਬਾਬਾ ਚੰਦ ਸਿੰਘ,ਬਾਬਾ ਮੇਜਰ ਸਿੰਘ, ਅਮ੍ਰਿਤਪਾਲ ਸਿੰਘ,ਰਾਜਨਪ੍ਰੀਤ ਸਿੰਘ, ਬਲਜਿੰਦਰ ਸਿੰਘ, ਅਨਮੋਲ ਪ੍ਰੀਤ ਗਿੱਲ ਜੋਬਨ ਪ੍ਰੀਤ ਗਿੱਲ , ਲਵਪ੍ਰੀਤ ਸਿੰਘ, ਅਮ੍ਰਤ ਕਰਨਦੀਪ ਸਿੰਘ, ਅਨਮੋਲ ਸਿੰਘ, ਮੌਕੇ ਸਮੂਹ ਸੰਗਤਾਂ ਹਾਜ਼ਰ ਸਨ।

### ਜੱਜ ਡੌਫਿਨ ਘੋਤੜਾ ਨੇ ਠਾਠਾਂ ਮਾਰਦੇ ਇਕੱਠ 'ਚ ਨੰਬਰਦਾਰ ਯੂਨੀਅਨ ਦੇ ਵੇਹੜੇ

# ਕੌਮੀ ਝੰਡਾ ਲਹਿਰਾ ਕੇ ਰਚਿਆ ਇਤਿਹਾਸ - ਜ਼ਿਲ੍ਹਾ ਪ੍ਰਧਾਨ ਅਸ਼ੋਕ ਸੰਧੂ



**ਨੂਰਮਹਿਲ/ਨਕੋਦਰ/ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** -ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਅਤੇ ਸੀਨੀਅਰ ਮੀਤ ਪ੍ਰਧਾਨ ਪੰਜਾਬ ਦੀ ਪ੍ਰਧਾਨਗੀ ਹੇਠ ਦੇਸ਼ ਦਾ 75ਵਾਂ ਗਣਤੰਤਰ ਦਿਵਸ ਨੂਰਮਹਿਲ ਤਹਿਸੀਲ ਵਿਖੇ ਬੜੀ ਧੂਮ-ਧਾਮ ਅਤੇ ਸ਼ਰਧਾ-ਭਾਵ ਨਾਲ ਮਨਾਇਆ। ਨੰਬਰਦਾਰ ਯੂਨੀਅਨ ਦਾ ਇਹ 27ਵਾਂ ਰਾਸ਼ਟਰੀ ਦਿਹਾੜਾ ਉਸ ਵਕਤ ਇਤਿਹਾਸ ਦੇ ਪੰਨਿਆਂ 'ਤੇ ਚਸ਼ਮਦੀਦ ਗਵਾਹ ਬਣ ਗਿਆ ਜਦੋਂ ਜਸ਼ਨ-ਏ-ਗਣਤੰਤਰ 2024 ਸਮਾਗਮ ਵਿੱਚ ਨਵ ਨਿਯੁਕਤ ਮਹਿਲਾ ਜੱਜ ਮਿਸ ਡੌਫਿਨ ਘੋਤੜਾ ਬਤੌਰ ਮੁੱਖ ਮਹਿਮਾਨ ਪਹੁੰਚੇ ਅਤੇ ਉਹਨਾਂ ਨੇ ਆਪਣੇ ਕਰ ਕਮਲਾਂ ਨਾਲ ਦੇਸ਼ ਦਾ ਤਿਰੰਗਾ ਝੰਡਾ ਲਹਿਰਾਇਆ। ਇਸ ਸ਼ਾਨਦਾਰ ਸਮਾਗਮ ਵਿੱਚ ਹਲਕਾ ਇੰਚਾਰਜ ਨਕੋਦਰ ਡਾਕਟਰ ਨਵਜੋਤ ਸਿੰਘ ਦਾਹੀਆ, ਨੰਬਰਦਾਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਜਰਨੈਲ ਸਿੰਘ ਝਰਮੜੀ, ਨਕੋਦਰ ਤੋਂ ਮੁਨੀਸ਼ ਧੀਰ, ਨੂਰਮਹਿਲ ਨਗਰ ਕੌਂਸਲ ਪ੍ਰਧਾਨ ਸ਼੍ਰੀਮਤੀ ਹਰਦੀਪ ਕੌਰ ਜੌਹਲ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਿਲ ਹੋਏ। ਜੱਜ ਸਾਹਿਬ ਦੇ ਪਹੁੰਚਣ 'ਤੇ ਪੰਡਾਲ ਵਿੱਚ ਹਾਜ਼ਰ ਨੰਬਰਦਾਰ ਸਾਹਿਬਾਨਾਂ, ਨਗਰ ਕੌਂਸਲਰਾਂ, ਪੰਚਾ ਸਰਪੰਚਾਂ, ਧਾਰਮਿਕ ਸਮਾਜਿਕ ਅਤੇ ਲਾਇਨਜ਼ ਮੈਂਬਰਾਂ ਨੇ ਬਹੁਤ ਹੀ ਸੁਚੱਜੇ ਸਲੀਕੇ ਨਾਲ ਨਿੱਘਾ ਅਤੇ ਭਰਵਾਂ ਸਵਾਗਤ ਕੀਤਾ। ਕੋਈ ਗੱਲ ਵਿੱਚ ਹਾਰ ਪਾ ਰਿਹਾ ਸੀ ਅਤੇ ਕੋਈ ਫੁੱਲਾਂ ਦੀ ਬਰਸਾਤ ਕਰ ਰਿਹਾ ਸੀ। ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੀ ਮਹਿਲਾ ਪ੍ਰਧਾਨ ਲਾਇਨ ਸੋਮਿਨਾਂ ਸੰਧੂ, ਸੈਕੰਡ ਮੀਤ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ ਅਤੇ ਲਾਇਨ ਬਬਿਤਾ ਸੰਧੂ ਨੇ ਜੱਜ ਸਾਹਿਬ ਦੀ ਆਰਤੀ ਉਤਾਰੀ ਅਤੇ ਤਿਲਕ ਲਗਾ ਕੇ ਮਸਤਕ ਸੁਸ਼ੋਭਿਤ ਕੀਤਾ ਉਪਰੰਤ ਫੁਲਕਾਰੀ ਪਹਿਨਾਕੇ ਦਿਲਕਸ਼ ਸਵਾਗਤ ਕੀਤਾ। ਇਸੇ ਤਰਾਂ ਜੱਜ ਸਾਹਿਬ ਦੇ ਪਿਤਾ ਦਲਜੀਤ ਸਿੰਘ ਲਾਅ ਇੰਸਪੈਕਟਰ ਅਤੇ ਮਾਤਾ ਅਮਨਦੀਪ ਕੌਰ ਘੋਤੜਾ ਦਾ ਵੀ ਭਰਪੂਰ ਸਵਾਗਤ ਕੀਤਾ ਗਿਆ।ਜੱਜ ਡੌਫਿਨ ਘੋਤੜਾ ਨੇ ਦੇਸ਼ ਨੂੰ ਸੰਬੋਧਿਤ ਕਰਦੇ ਹੋਏ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦੇ ਸੋਹਲੇ ਗਾਏ। ਦੇਸ਼ ਦੇ ਨਾਗਰਿਕਾਂ ਅਤੇ ਪ੍ਰਸ਼ਾਸਨ ਨੂੰ ਦੇਸ਼ ਦੇ ਸੰਵਿਧਾਨ ਅਨੁਸਾਰ ਚੱਲਣ ਲਈ ਪ੍ਰੇਰਿਤ ਕੀਤਾ। ਲਾਅ ਇੰਸਪੈਕਟਰ ਦਲਜੀਤ ਸਿੰਘ ਘੋਤੜਾ ਨੇ ਭਾਸ਼ਣ ਵਿੱਚ ਕਿਹਾ ਕਿ ਦੇਸ਼ ਦਾ ਸੰਵਿਧਾਨ ਬਾਬਾ ਸਾਹਿਬ ਦੀ ਦੇਣ ਹੈ। ਉਹਨਾਂ ਦੁਆਰਾ ਦਿੱਤੇ ਹੋਏ ਅਧਿਕਾਰਾਂ ਕਾਰਣ ਅੱਜ ਅਸੀਂ ਆਜ਼ਾਦੀ ਦਾ ਆਨੰਦ ਮਾਣ ਰਹੇ ਹਾਂ ਖਾਸਕਰ ਸਾਡੇ ਦੇਸ਼ ਦੀਆਂ ਧੀਆਂ ਦਿਨ ਪਰ ਦਿਨ ਹਰ ਖੇਤਰ ਵਿੱਚ ਮੱਲਾਂ ਮਾਰ ਕੇ ਦੇਸ਼ ਦੀ ਸ਼ਾਨ ਵਧਾ ਰਹੀਆਂ ਹਨ। ਜ਼ਿਲ੍ਹਾ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੇ ਕਿਹਾ ਕਿ ਸਰਕਾਰੀ ਕੁਰਸੀਆਂ 'ਤੇ ਬੈਠੇ ਅਧਿਕਾਰੀਆਂ ਅਤੇ ਰਾਜਨੀਤਕ ਲੋਕਾਂ ਨੂੰ ਦੇਸ਼ ਦੇ ਹਿਤਾਂ ਲਈ ਕੰਮ ਕਰਨ ਲਈ ਦ੍ਰਿੜ੍ਹ ਸੰਕਲਪ ਲੈਣਾ ਚਾਹੀਦਾ ਹੈ। ਅੱਜ ਸਾਡੇ ਦੇਸ਼ ਦਾ ਅਕਸ ਦੁਨੀਆਂ ਪੱਧਰ 'ਤੇ ਕਰੱਪਸ਼ਨ ਵਿੱਚ ਮੋਹਰੀ ਹੋਣ ਕਾਰਣ ਸਾਡੇ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਘਾਣ ਕਰ ਰਿਹਾ ਹੈ। ਸਾਡੇ ਦੇਸ਼ ਦੇ ਸ਼ਾਸਕ, ਅਧਿਕਾਰੀ ਅਤੇ ਲੋਕ ਇਮਾਨਦਾਰ ਹੋਣੇ ਅਤਿ ਜ਼ਰੂਰੀ ਹਨ। ਸਮੂਹ ਬੁਲਾਰਿਆਂ ਨੇ ਦੇਸ਼ ਦੇ 75ਵੇਂ ਗਣਤੰਤਰ ਦਿਵਸ ਦੀਆਂ ਦੇਸ਼ ਦੇ ਨਾਗਰਿਕਾਂ ਨੂੰ ਸਨੇਹਿਲ ਵਧਾਈਆਂ ਦਿੱਤੀਆਂ। ਨੰਬਰਦਾਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਜਰਨੈਲ ਸਿੰਘ ਝਰਮੜੀ, ਸਰਪ੍ਰਸਤ ਬਲਜਿੰਦਰ ਸਿੰਘ ਕਿੱਲੀ, ਮੁੱਖ ਸਲਾਹਕਾਰ ਕੁਲਵੰਤ ਸਿੰਘ ਝਾਮਪੁਰ, ਕੈਸ਼ੀਅਰ ਭਜਨ ਸਿੰਘ, ਕਲੱਬ ਪ੍ਰਧਾਨ ਲਾਇਨ ਸੋਮਿਨਾਂ ਸੰਧੂ ਨੇ ਮੁੱਖ ਮਹਿਮਾਨ ਜੱਜ ਸਾਹਿਬ ਰਾਹੀਂ ਨੰਬਰਦਾਰਾਂ, ਲਾਇਨਜ਼ ਮੈਂਬਰਾਂ ਅਤੇ ਹੋਰ ਧਾਰਮਿਕ ਸਮਾਜਿਕ ਪਤਵੰਤਿਆਂ ਨੂੰ ਸਮਾਜ ਸੁਧਾਰ, ਭਗਤੀ ਪ੍ਰਸਾਰ ਅਤੇ ਐਪਰੀਸੀਏਸ਼ਨ ਐਵਾਰਡ ਨਾਲ ਸਨਮਾਨਿਤ ਕੀਤਾ। ਸਨਮਾਨ ਚਿੰਨ੍ਹਾਂ ਦੀ ਸੇਵਾ ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ, ਜੈ ਸ਼ਿਵ ਸ਼ਕਤੀ ਸੇਵਾ ਮੰਡਲ ਨੂਰਮਹਿਲ ਅਤੇ ਅਸ਼ੋਕ ਬਬਿਤਾ ਸੰਧੂ ਪੈਟਰੋਲੀਅਮ ਵੱਲੋਂ ਨਿਭਾਈ ਗਈ। ਹਰ ਸਨਮਾਨ ਚਿੰਨ੍ਹ 'ਤੇ ਹਰ ਵਿਅਕਤੀ ਵਿਸ਼ੇਸ਼ ਦੀ ਫੋਟੋ ਲਗਾਈ ਗਈ ਜੋ ਇਹ ਦਰਸਾਉਂਦੀ ਸੀ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਕਿੰਨੀ ਮਿਹਨਤ ਕੀਤੀ ਗਈ ਹੈ। ਖਾਣ-ਪਾਣ ਅਤੇ ਪੰਡਾਲ ਨੂੰ ਮਨਮੋਹਕ ਦ੍ਰਿਸ਼ ਦੇਣ ਦੇ ਸੁਚੱਜੇ ਪ੍ਰਬੰਧ ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਵੱਲੋਂ ਕੀਤੇ ਗਏ। ਜੱਜ ਸਾਹਿਬ ਵੱਲੋਂ ਝੰਡਾ ਲਹਿਰਾਉਣ ਦੀ ਖੁਸ਼ੀ ਵਿੱਚ ਲੱਡੂ ਵੰਡੇ ਗਏ। ਤਿਰੰਗਮਈ ਆਤਿਸ਼ਬਾਜ਼ੀ ਕੀਤੀ ਗਈ।ਇਸ ਮੌਕੇ ਧਾਰਮਿਕ ਸਮਾਜਿਕ ਰਾਜਨੀਤਿਕ ਖੇਤਰ ਦੇ ਪਤਵੰਤੇ ਦੇਸ਼ ਭਗਤ ਵੱਡੀ ਗਿਣਤੀ ਵਿੱਚ ਦੇਸ਼ ਭਗਤ ਬਣ ਦੇਸ਼ ਦੇ ਗੌਰਵਮਈ ਨੂੰ ਸਲਾਮ ਅਤੇ ਪ੍ਰਣਾਮ ਕਰਨ ਲਈ ਨਤਮਸਤਕ ਹੋਏ। ਸਮੂਹ ਪਤਵੰਤਿਆਂ ਨੇ ਮਾਣਯੋਗ ਜੱਜ ਸਾਹਿਬ ਨੂੰ ਇੱਕ ਅਤਿਅੰਤ ਖੂਬਸੂਰਤ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਕੌਂਸਲਰ ਸੀਮਾ ਸੇਖੜੀ, ਬਬਲੀ ਸੌਂਧੀ, ਬਲਬੀਰ ਕੌਲਧਾਰ, ਅਨਿਲ ਮੈਹਨ, ਦੀਪਕ ਕੁਮਾਰ, ਵਲੈਤੀ ਰਾਮ, ਕਲੱਬ ਪ੍ਰਧਾਨ ਗੌਰਵ ਜਤਿੰਦਰ ਸੇਖੜੀ, ਸੁਖਦੇਵ ਲਗਾਹ, ਲਾਇਨ ਦਿਨਕਰ ਜਸਪ੍ਰੀਤ ਸੰਧੂ ਸਮੇਤ ਹੋਰ ਕਈ ਸਖਸ਼ੀਅਤਾਂ ਨੇ ਪ੍ਰੋਗਰਾਮ ਨੂੰ ਨੇਪੜੇ ਚਾੜਨ ਆਪਣਾ ਵੱਡਮੁੱਲਾ ਯੋਗਦਾਨ ਪਾਇਆ। ਨੂਰਮਹਿਲ ਦੇ ਥਾਣਾ ਮੁਖੀ ਵਰਿੰਦਰ ਪਾਲ ਸਿੰਘ ਉੱਪਲ ਅਤੇ ਮੁੱਖ ਮੁਨਸ਼ੀ ਗਗਨ ਹਾਂਡਾ ਵੱਲੋਂ ਸੁਰੱਖਿਆ ਦੇ ਉੱਚਤਮ ਪ੍ਰਬੰਧ ਕੀਤੇ ਅਤੇ ਰਾਸ਼ਟਰੀ ਝੰਡੇ ਨੂੰ ਸਲਾਮੀ ਦੇਣ ਲਈ ਮਹਿਲਾ ਕਰਮਚਾਰੀਆਂ ਦਾ ਵਿਸ਼ੇਸ਼ ਪ੍ਰਬੰਧ ਕੀਤਾ। ਯੂਨੀਅਨ ਅਤੇ ਲਾਇਨਜ਼ ਕਲੱਬ ਵੱਲੋਂ ਸਮੂਹ ਮੁਲਾਜਮਾਂ ਨੂੰ ਉਚੇਚੇ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਵੱਲੋਂ ਸਮੂਹ ਪੱਤਰਕਾਰਾਂ ਅਤੇ ਆਏ ਹੋਏ ਸਤਿਕਾਰਯੋਗ ਮਹਿਮਾਨਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਕੋਟਿ ਕੋਟਿਨ ਧੰਨਵਾਦ ਕੀਤਾ।

**ਸਮਾਜ ਸੁਧਾਰ, ਭਗਤੀ ਪ੍ਰਸਾਰ ਅਤੇ ਐਪਰੀਸੀਏਸ਼ਨ ਐਵਾਰਡ ਨਾਲ ਜੱਜ ਸਾਹਿਬ ਨੇ ਨੰਬਰਦਾਰ ਅਤੇ ਹੋਰ ਪਤਵੰਤੇ ਨਾਗਰਿਕ ਕੀਤੇ ਸਨਮਾਨਿਤ - ਲਾਇਨ ਸੋਮਿਨਾਂ ਸੰਧੂ**

ਆਵਾਜ਼ਿ ਕੌਮ AWAZE QAUM International Newspaper & WEB TV

### ਜਰਖੜ ਖੇਡਾਂ ਤੇ ਸਵ: ਕੋਚ ਦੇਵੀ ਦਿਆਲ ਦੀ ਯਾਦ ਵਿੱਚ ਹੋਵੇਗਾ 51ਹਜ਼ਾਰ ਦੀ ਇਨਾਮੀ ਵਾਲਾ ਖੇਡ ਐਵਾਰਡ ਸ਼ੁਰੂ

# ਕਿਸੇ ਸਾਬਕਾ ਨਾਮੀ ਖਿਡਾਰੀ ਨੂੰ ਇਹ ਮਿਲਿਆ ਕਰੇਗਾ ਹਰ ਸਾਲ ਐਵਾਰਡ



**ਲੁਧਿਆਣਾ/ਨਕੋਦਰ/ਮਹਿਤਪੁਰ 30 ਜਨਵਰੀ (ਹਰਜਿੰਦਰ ਪਾਲ ਛਾਬੜਾ)**-ਪੰਜਾਬ ਦੀਆਂ 36ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਜੋ 10 ਅਤੇ 11 ਫਰਵਰੀ ਨੂੰ 6 ਕਰੋੜ ਦੀ ਲਾਗਤ ਨਾਲ ਬਣੇ ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਜਰਖੜ ਵਿਖੇ ਹੋਣਗੀਆਂ। ਇਹਨਾਂ ਖੇਡਾਂ ਤੇ ਕਬੱਡੀ ਦੇ ਸਾਬਕਾ ਅੰਤਰਰਾਸ਼ਟਰੀ ਖਿਡਾਰੀ ਅਤੇ ਕੋਚ ਸਵਰਗੀ ਦੇਵੀ ਦਿਆਲ ਦੀ ਯਾਦ ਵਿੱਚ 51000 ਦੀ ਇਨਾਮੀ ਰਾਸ਼ੀ ਵਾਲਾ ਖੇਡ ਯਾਦਗਾਰੀ ਐਵਾਰਡ ਸ਼ੁਰੂ ਕੀਤਾ ਜਾਵੇਗਾ ।ਇਹ ਐਵਾਰਡ ਹਰ ਸਾਲ ਕਬੱਡੀ ਦੇ ਸਾਬਕਾ ਵੇਟਰਨਜ਼ ਖਿਡਾਰੀ ਨੂੰ ਦਿੱਤਾ ਜਾਵੇਗਾ ।ਜਿਸ ਵਿੱਚ 51000 ਹਜ਼ਾਰ ਦੀ ਇਨਾਮੀ ਰਾਸ਼ੀ, ਲੋਈ ਅਤੇ ਸਵਰਗੀ ਕੋਚ ਦੇਵੀ ਦਿਆਲ ਯਾਦਗਾਰੀ ਐਵਾਰਡ ਪ੍ਰਦਾਨ ਹੋਵੇਗਾ।

ਇਸ ਸਬੰਧੀ ਜਰਖੜ ਖੇਡਾਂ ਦੇ ਪ੍ਰਬੰਧਕੀ ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰਸਟ ਜਰਖੜ ਦੀ ਜ਼ਰੂਰੀ ਮੀਟਿੰਗ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ, ਕਬੱਡੀ ਪ੍ਰਮੋਟਰ ਮਨਮੋਹਨ ਗਰੇਵਾਲ ਉਰਫ ਮੋਹਣਾ ਜੋਧਾ ਸਿਆਟਲ ਦੀ ਪ੍ਰਧਾਨਗੀ ਹੇਠ ਹੋਈ ਭਲਕੇ 31 ਜਨਵਰੀ ਦਿਨ ਬੁੱਧਵਾਰ ਨੂੰ ਮਾਤਾ ਸਾਹਿਬ ਕੌਰ ਖੇਡ ਸਟੇਡੀਅਮ ਜਰਖੜ ਵਿਖੇ ਸ਼ਾਮ 4 ਵਜੇ ਹੋਵੇਗੀ। ਜਿਸ ਵਿੱਚ ਇਹ ਫੈਸਲਾ ਕੀਤਾ ਜਾਵੇਗਾ ਕਿ ਇਹ ਐਵਾਰਡ ਕਿਸ ਸਾਬਕਾ ਖਿਡਾਰੀ ਨੂੰ ਦਿੱਤਾ ਜਾਵੇਗਾ। ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਅਤੇ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਏਵਨ ਸਾਈਕਲ ਕੰਪਨੀ, ਕੋਕਾ ਕੋਲਾ ਵੱਲੋਂ ਜਰਖੜ ਖੇਡ ਸਟੇਡੀਅਮ ਨੂੰ ਪੂਰੀ ਰੰਗ ਰੋਗਨ ਕਰਕੇ ਸਜਾਇਆ ਗਿਆ ਹੈ ।ਇਹਨਾਂ ਖੇਡਾਂ ਵਿੱਚ ਨਾਇਬ ਸਿੰਘ ਗਰੇਵਾਲ ਜੋਧਾ ਓਪਨ ਕਬੱਡੀ ਕੱਪ,ਹਾਕੀ ਸੀਨੀਅਰ (ਮੁੰਡੇ ਕੁੜੀਆਂ) ਹਾਕੀ ਸਬ ਜੂਨੀਅਰ ਮੁੰਡੇ ,ਵਾਲੀਬਾਲ , ਗੱਦੇ ਵਾਲੀਆਂ ਕੁਸ਼ਤੀਆਂ , ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਦੀਆਂ ਖੇਡਾਂ ਫੁੱਟਬਾਲ , ਕਬੱਡੀ ਤੋ ਇਲਾਵਾ ਸੀਨੀਅਰ ਸੈਕੰਡਰੀ ਸਕੂਲਾਂ ਦੇ ਬੱਚਿਆਂ ਦੀਆਂ ਖੇਡਾਂ ਰੱਸਾਕਸੀ ,ਕਬੱਡੀ ਨੈਸ਼ਨਲ ਸਟਾਈਲ ,ਵਾਲੀਬਾਲ ਆਦਿ ਹੋਰ ਖੇਡਾਂ ਦੇ ਮੁਕਾਬਲੇ ਹੋਣਗੇ ।ਉਨ੍ਹਾਂ ਦੱਸਿਆ ਕਿ ਹਾਕੀ ਦੇ ਮੁਕਾਬਲੇ 9 ਫਰਵਰੀ ਨੂੰ ਹੋਣਗੇ ਜਦਕਿ ਟੂਰਨਾਮੈਂਟ ਦਾ ਉਦਘਾਟਨ 10 ਫਰਵਰੀ ਨੂੰ ਹੋਵੇਗਾ ਅਤੇ ਫਾਈਨਲ ਮੁਕਾਬਲੇ 11 ਫਰਵਰੀ ਨੂੰ ਹੋਣਗੇ ਇਸ ਮੌਕੇ ਦੁਪਹਿਰੇ 2 ਵਜੇ ਲੋਕ ਗਾਇਕ ਹਰਜੀਤ ਹਰਮਨ ਦਾ ਖੁੱਲਾ ਅਖਾੜਾ ਲੱਗੇਗਾ। ਕਬੱਡੀ ਦੇ ਮੈਚ ਸ਼ਾਮ 5 ਵਜੇ ਤੋਂ ਪਹਿਲਾਂ ਹੀ ਸਮਾਪਤ ਕਰ ਦਿੱਤੇ ਜਾਣਗੇ। ਜੇਤੂ ਖਿਡਾਰੀਆਂ ਨੂੰ ਏਵਨ ਸਾਈਕਲ ਕੰਪਨੀ ਵੱਲੋਂ 60 ਸਾਈਕਲ ਦਿੱਤੇ ਜਾਣਗੇ।

ਆਵਾਜ਼ਿ ਕੌਮ AWAZE QAUM International Newspaper & WEB TV

# ਸਿਵਲ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ





ਬਠਿੰਡਾ, 30 ਜਨਵਰੀ (ਗੁਰਜੰਟ ਸਿੰਘ ਨਥੇਹਾ)- ਦੇਸ਼ ਦੇ ਸੁਤੰਤਰਤਾ ਸੰਗਰਾਮ ਦੌਰਾਨ ਆਪਣੀਆਂ ਜਾਨਾਂ ਵਾਰਨ ਵਾਲੇ ਮਹਾਨ ਸ਼ਹੀਦਾਂ, ਸੰਗਰਾਮੀਆਂ ਅਤੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਬਲੀਦਾਨ ਦਿਵਸ ਨੂੰ ਸਮਰਪਿਤ ਸ਼ਰਧਾਂਜਲੀ ਸਮਾਰੋਹ ਦੇ ਸਬੰਧ ਵਿੱਚ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਦੀ ਅਗਵਾਈ ਹੇਠ ਦੋ ਮਿੰਟ ਦਾ ਮੌਨ ਰੱਖ ਕੇ ਮਹਾਨ ਸ਼ਹੀਦਾਂ ਨੂੰ ਉਚੇਚੇ ਤੌਰ 'ਤੇ ਯਾਦ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪੁਲਿਸ ਮੁਖੀ (ਵਿਜੀਲੈਂਸ) ਸ. ਹਰਪਾਲ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਮੌਕੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਥਿਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਮਹਾਨ ਸ਼ਹੀਦਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਭਾਰਤ ਦੇ ਸੁਤੰਤਰਤਾ ਸੰਗਰਾਮ ਦੌਰਾਨ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦੇ ਬਲੀਦਾਨ ਦਿਵਸ ਮੌਕੇ ਗਾਂਧੀ ਜੀ ਦੇ ਸੱਚ ਅਤੇ ਅਹਿੰਸਾ ਦੇ ਵਿਚਾਰਾਂ ਨੂੰ ਆਪਣੇ ਜੀਵਨ ਵਿੱਚ ਅਪਨਾਉਣ ਦਾ ਸੱਦਾ ਦਿੱਤਾ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਭਾਰਤ ਦੀ ਆਜ਼ਾਦੀ ਲਈ ਸ਼ਹੀਦ ਹੋਣ ਵਾਲੇ ਮਹਾਨ ਸ਼ਹੀਦਾਂ ਵੱਲੋਂ ਲੜੇ ਗਏ ਘੋਲ ਸਦਕਾ ਹੀ ਅੱਜ ਅਸੀਂ ਸਾਰੇ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਉਨ੍ਹਾਂ ਇਹ ਵੀ ਕਿਹਾ ਕਿ ਦੇਸ਼ ਖਾਤਰ ਜਾਨਾਂ ਵਾਰਨ ਵਾਲੇ ਮਹਾਨ ਸੂਰਬੀਰਾਂ ਨੂੰ ਯਾਦ ਕਰਨਾ ਸਾਡਾ ਸਭ ਦਾ ਫਰਜ਼ ਬਣਦਾ ਹੈ। ਇਸ ਦੌਰਾਨ ਪੰਜਾਬ ਪੁਲਿਸ ਦੇ ਜਵਾਨਾਂ ਦੀ ਟੁਕੜੀ ਵਲੋਂ ਸਾਈਰਨ ਵਜਾ ਕੇ ਦੇਸ਼ ਕੌਮ ਦੇ ਮਹਾਨ ਆਜ਼ਾਦੀ ਘੁਲਾਟੀਆਂ ਨੂੰ ਯਾਦ ਕੀਤਾ ਗਿਆ। ਇਸ ਮੌਕੇ ਸਿਵਲ ਸਰਜਨ ਡਾ. ਤੇਜਵੰਤ ਸਿੰਘ ਢਿੱਲੋਂ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ, ਐਸਡੀਐਮ ਬਠਿੰਡਾ ਸ਼੍ਰੀਮਤੀ ਇਨਾਯਤ, ਸਹਾਇਕ ਕਮਿਸ਼ਨਰ (ਜਨਰਲ) ਸ਼੍ਰੀ ਪੰਕਜ ਤੋਂ ਇਲਾਵਾ ਸਿਵਲ ਅਤੇ ਪੁਲਿਸ ਪ੍ਰਸ਼ਾਸਨਿਕ ਅਧਿਕਾਰੀ ਤੇ ਕਰਮਚਾਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਨੇ ਕੇਂਦਰ ਸਰਕਾਰ 'ਤੇ ਉਸਦੇ ਗੁੰਡੇ ਪ੍ਰਦੀਪ ਖੱਤ੍ਰੀ 'ਤੇ ਅਮਨ ਡਿਵਾਸ ਦੇ ਫੂਕੇ ਪੁੱਤਲੇ



**ਚੌਂਕ ਮਹਿਤਾ,30 ਜਨਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜੋਨ ਅੱਚਲ ਸਾਹਿਬ ਦੇ ਪ੍ਰਧਾਨ ਹਰਭਜਨ ਸਿੰਘ ਵੈਰੋਨੰਗਲ 'ਤੇ ਸਕੱਤਰ ਡਾ ਹਰਦੀਪ ਸਿੰਘ ਮਹਿਤਾ ਦੀ ਅਗਵਾਈ ਵਿੱਚ ਅੱਡਾ ਅੰਮੋਨੰਗਲ ਵਿਚ ਭਾਜਪਾ ਸਰਕਾਰ ਦੇ ਗੁੱਡੇ ਪ੍ਰਦੀਪ ਖੱਤ੍ਰੀ 'ਤੇ ਅਮਨ ਡਿਵਾਸ ਤੇ ਕੇਂਦਰ ਸਰਕਾਰ ਦੇ ਪੁੱਤਲੇ ਫੂਕੇ ਤੇ ਰੋਸ ਮੁਜਾਹਰਾ ਕੀਤਾ ਗਿਆ ਕਿਉਂਕਿ ਦਿੱਲੀ ਅੰਦੋਲਨ ਦੌਰਾਨ ਕੇਂਦਰ ਸਰਕਾਰ ਦੀ ਸ਼ਹਿ ਤੇ ਇਹਨਾਂ ਗੁੰਡਿਆਂ ਨੇ ਸਿੰਗੂ ਬਾਡਰ 'ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਸਟੇਜ ਤੇ ਹਮਲਾ ਕਰਕੇ ਲੋਕ ਅੰਦੋਲਨ ਨੂੰ ਕੁਚਲਣ ਦੀ ਕੋਸ਼ਸ਼ਿ ਕੀਤੀ ਤੇ ਲਖੀਮਪੁਰ ਖੀਰੀ ਵਿਚ ਸ਼ਾਂਤੀ ਪੂਰਵਕ ਧਰਨਾ ਦੇ ਰਹੇ ਕਿਸਾਨਾਂ ਨੂੰ ਕੁੱਚਲੇ ਦਿੱਤਾ ਪਰ ਕੇਂਦਰ ਦੀ ਮੋਦੀ ਸਰਕਾਰ ਨੇ ਅਜੇ ਤੱਕ ਲੋਕਾਂ ਨੂੰ ਕੋਈ ਵੀ ਇਨਸਾਨ ਨਹੀਂ ਦਿੱਤਾ ਉਸਦੇ ਵਿਰੋਧ ਵਿਚ ਅੱਜ ਪੂਰੇ ਪੰਜਾਬ ਵਿਚ ਪੁੱਤਲੇ ਫੂਕੇ ਗਏ ਤੇ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਆਪਣੀਆਂ ਨਸਲਾਂ ਤੇ ਫਸਲਾਂ ਬਚਾਉਣੀਆਂ ਹਨ ਤਾਂ 13ਫਰਵਰੀ ਨੂੰ ਦਿਲੀ ਵੱਲ ਕੂਚ ਕਰੋ ਨਹੀਂ ਤਾਂ ਜੇ ਮੋਦੀ ਸਰਕਾਰ ਦੁਬਾਰਾ ਬਣ ਗਈ ਤਾਂ ਸਾਰਾ ਭਾਰਤ ਕੌਰਪੋਰੇਟਾ ਦੇ ਹਵਾਲੇ ਕਰ ਦੇਵੇਗਾ ।ਇਸ ਮੌਕੇ ਪ੍ਰਧਾਨ ਹਰਭਜਨ ਸਿੰਘ ਵੈਰੋਨੰਗਲ 'ਤੇ ਸਕੱਤਰ ਡਾ ਹਰਦੀਪ ਸਿੰਘ ਮਹਿਤਾ ਤੋ ਹਰਭਜਨ ਸਿੰਘ ,ਗੁਰਦੀਪ ਸਿੰਘ ਅੰਗ੍ਰੇਜ਼ ਸਿੰਘ ,ਜੋਗਾ ਸਿੰਘ, ਕੁਲਵੰਤ ਸਿੰਘ ਵੈਰੋਨੰਗਲ ,ਈਸ਼ਵਰ ਸਿੰਘ ਗੁਰਮੀਤ ਸਿੰਘ ਯਾਦਪੁਰ ,ਰਾਮਜੀਤ ਸਿੰਘ ਜਸਵਿੰਦਰ ਸਿੰਘ ,ਬਲਰਾਜ ਸਿੰਘ, ਬੀਬੀ ਮਨਜੀਤ ਕੌਰ ਨਵਾਂ ਰੰਗੜ ਨੰਗਲ ,ਨਰਿੰਦਰ ਸਿੰਘ ਰੰਗੜ ਨੰਗਲ, ਬਲਜੀਤ ਸਿੰਘ ਰੰਗੜ ਨੰਗਲ ,ਮੇਜਰ ਸਿੰਘ ,ਬਲਦੇਵ ਸਿੰਘ, ਬੀਬੀ ਰਾਜਵਿੰਦਰ ਕੌਰ ਸੇਖਵਾਂ ਸ਼ਵਿ ਸਿੰਘ ਸਤਨਾਮ ਸਿੰਘ ਜੁਝਾਰ ਸਿੰਘ ਸਾਗਰਪੁਰ, ,ਤਰਲੋਕ ਸਿੰਘ ਲਾਧੂਭਾਣਾ ,ਰਵਿੰਦਰ ਸਿੰਘ ਬਾਸਰਪੁਰ ,ਗੁਰਪਿੰਦਰ ਸਿੰਘ ਨਿਸ਼ਾਨ ਸਿੰਘ ਨਾਗਰਾ ਇਸ ਤੋਂ ਇਲਾਵਾ ਹੋਰ ਵੀ ਕਿਸਾਨ ਆਗੂ ਹਾਜ਼ਰ ਸਨ ।

ਆਵਾਜ਼ਿ ਕੌਮ AWAZE QAUM International Newspaper & WEB TV

### ਸ੍ਰੀ ਹਜ਼ੂਰ ਸਾਹਿਬ ਵਿਖੇ ਚੌਂਕੀ ਮੇਲਾ ਲਈ

# ਸੰਗਤਾਂ ਵਿੱਚ ਭਾਰੀ ਉਤਸ਼ਾਹ -ਡਾ. ਵਿਜੇ ਸਤਬੀਰ ਸਿੰਘ



**ਚੌਂਕ ਮਹਿਤਾ, 30 ਜਨਵਰੀ(ਬਾਬਾ ਸੁਖਵੰਤ ਸਿੰਘ ਚੰਨਣਕੇ)**-ਹਰ ਸਾਲ ਦੀ ਤਰ੍ਹਾਂ ਸਥਾਨਿਕ ਗੁਰਦੁਆਰਾ ਸਾਹਿਬ ਦੇ ਸਾਲਾਨਾ ਜੋੜ ਮੇਲੇ (ਚੌਂਕੀਆਂ) ਦੀ ਆਰੰਭਤਾ 13 ਫਰਵਰੀ 2024 ਨੂੰ ਹੋ ਰਹੀ ਹੈ ਜਿਸ ਅਨੁਸਾਰ ਪਹਿਲੀ ਚੌਂਕੀ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੋਂ ਨਿਸ਼ਾਨ ਸਾਹਿਬ ਅਤੇ ਨਿਸ਼ਾਨਚੀ ਸਿੰਘਾਂ ਦੇ ਅਗਵਾਈ ਹੇਠ ਆਰੰਭ ਹੋਕੇ ਗੁਰਦੁਆਰਾ ਦਮਦਮਾ ਸਾਹਿਬ ਬਸਮਤਨਗਰ ਸਾਹਿਬ ਵਿਖੇ ਪੁੱਜੇਗੀ। ਇਹ ਜਾਣਕਾਰੀ ਦੇਂਦੇ ਹੋਏ ਸੁਪਰਡੈਂਟ ਸ੍ਰ: ਠਾਨ ਸਿੰਘ ਬੁੰਗਈ ਨੇ ਦਸਿਆ ਕਿ ਸਾਲਾਨਾ ਚੌਂਕੀਆਂ ਦੀ ਆਰੰਭਤਾ ਤਖ਼ਤ ਸੱਚਖੰਡ ਸਾਹਿਬ ਤੋਂ ਸਵੇਰੇ ਅੱਠ ਵਜੇ ਹੋਇਆ ਕਰੇਗੀ ਅਤੇ ਜੋੜ ਮੇਲੇ ਦੇ ਅਸਥਾਨ ਤੇ ਪੁੱਜਣ ਉਪਰੰਤ ਕਥਾ ਕੀਰਤਨ ਦੀ ਆਰੰਭਤਾ ਸਵੇਰੇ 10.30 ਵਜੇ ਤੋਂ ਹੋਵੇਗੀ ਤੇ ਜੋੜ ਮੇਲੇ ਅਸਥਾਨ ਤੇ ਲੰਗਰ ਦੀ ਆਰੰਭਤਾ ਦੋਪਹਿਰ ਇੱਕ ਵਜੇ ਹੋਵੇਗੀ ।ਚੌਂਕੀ ਦੀ ਵਾਪਸੀ ਤਖ਼ਤ ਸੱਚਖੰਡ ਸਾਹਿਬ ਲਈ ਸ਼ਾਮ ਚਾਰ ਵਜੇ ਹੋਇਆ ਕਰੇਗੀ ।ਇਨ੍ਹਾਂ ਚੌਂਕੀਆਂ ਦਾ ਵੇਰਵਾ ਇਸ ਪ੍ਰਕਾਰ ਹੈ: ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਬਸਮਤ ਨਗਰ 13 ਫਰਵਰੀ, ਗੁਰਦੁਆਰਾ ਮਾਲਟੇਕੜੀ ਸਾਹਿਬ 14 ਫਰਵਰੀ, ਗੁਰਦੁਆਰਾ ਸੰਗਤ ਸਾਹਿਬ 18 ਫਰਵਰੀ, ਗੁਰਦੁਆਰਾ ਹੀਰਾ ਘਾਟ ਸਾਹਿਬ 24 ਫਰਵਰੀ, ਗੁਰਦੁਆਰਾ ਮਾਤਾ ਸਾਹਿਬ ਅਤੇ ਗੁਰਦੁਆਰਾ ਸ਼ਕਿਾਰਘਾਟ ਸਾਹਿਬ 25 ਫਰਵਰੀ, ਗੁਰਦੁਆਰਾ ਰਤਨਗੜ੍ਹ ਸਾਹਿਬ 8 ਮਾਰਚ, ਗੁਰਦੁਆਰਾ ਨਾਨਕਸਰ ਸਾਹਿਬ ਗੁ: ਨਾਨਕਪੁਰੀ ਸਾਹਿਬ ਗੁ: ਵਿਸ਼ਨੂਪੁਰੀ ਸਾਹਿਬ ਅਤੇ ਗੁ: ਬੰਦਾ ਘਾਟ ਸਾਹਿਬ 9 ਮਾਰਚ ਨੂੰ ਆਖਰੀ ਚੌਂਕੀ ਹੋਵੇਗੀ ।ਇਹ ਸਮੂੰਹ ਚੌਂਕੀਆਂ ਸਿੰਘ ਸਾਹਿਬ ਜਥੇਦਾਰ ਸੰਤ ਬਾਬਾ ਕੁਲਵੰਤ ਸਿੰਘ ਜੀ ਅਤੇ ਸਮੂੰਹ ਪੰਜ ਪਿਆਰੇ ਸਾਹਿਬਾਨ ਦੀ ਦੇਖ-ਰੇਖ ਹੇਠ ਸੰਪੰਨ ਹੋਣਗੀਆਂ ਇਸ ਸਮੇਂ ਹਜ਼ੂਰੀ ਸੰਗਤਾਂ ਤੋਂ ਇਲਾਵਾ ਦੇਸ਼ ਵਿਦੇਸ਼ ਤੋਂ ਵੀ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਿਲ ਹੋ ਰਹੀਆਂ ਹਨ ।ਡਾ. ਵਿਜੇ ਸਤਬੀਰ ਸਿੰਘ ਜੀ ਮੁੱਖ ਪ੍ਰਬੰਧਕ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਇਨ੍ਹਾਂ ਪ੍ਰੋਗਰਾਮਾਂ ਵਿੱਚ ਸ਼ਾਮਿਲ ਹੋਣ ।ਇਸ ਨਾਲ ਜਿੱਥੇ ਧਾਰਮਿਕ ਸੇਧ ਮਿਲਦੀ ਹੈ, ਉਥੇ ਭਾਈਚਾਰਕ ਸਾਂਝ ਹੋਰ ਵੀ ਵਧਦੀ ਹੈ

ਆਵਾਜ਼ਿ ਕੌਮ AWAZE QAUM International Newspaper & WEB TV

### ਕੌਮੀ ਯੁਵਾ ਦਿਵਸ ਸੰਬਧੀ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ

# ਖ਼ੂਨਦਾਨ ਕਰਨ ਵਾਲੇ ਐਨ.ਜੀ.ਓ. ਅਤੇ ਸਟਾਰ ਡੋਨਰਾਂ ਨੂੰ ਕੀਤਾ ਸਨਮਾਨਿਤ




**ਚੌਂਕ ਮਹਿਤਾ, 30 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਹਤ ਵਿਭਾਗ ਵਲੋਂ ਸਿਵਲ ਸਰਜਨ ਡਾ ਵਿਜੇ ਕੁਮਾਰ ਦੀ ਅਗਵਾਈ ਹੇਠਾਂ ਕੌਮੀ ਯੂਵਾ ਦਿਵਸ ਦੇ ਸੰਬਧ ਵਿਚ ਕਾਨਫਰੈਂਸ ਹਾਲ ਸਿਵਲ ਹਸਪਤਾਲ ਵਿਖੇ ਇਕ ਜਿਲਾਂ ਪੱਧਰੀ ਸਮਾਗਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿਚ ਜਿਲ੍ਹੇ ਭਰ ਦੇ ਐਨ.ਜੀ.ਓ. ਸੰਸਥਾਵਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਸਟਾਰ ਡੋਨਰਾਂ ਨੇ ਵੀ ਸ਼ਿਰਕਤ ਕੀਤੀ।ਇਸ ਮੌਕੇ ਤੇ ਸੰਬੋਧਨ ਕਰਦਿਆਂ ਸਿਵਲ ਸਰਜਨ ਡਾ ਵਿਜੇ ਕੁਮਾਰ ਨੇ ਕਿਹਾ ਕਿ 18 ਤੋਂ 65 ਸਾਲ ਦੀ ਉਮਰ ਤੱਕ ਹਰ ਸਿਹਤਮੰਦ ਵਿਅਕਤੀ ਨੂੰ ਖ਼ੂਨਦਾਨ ਕਰਕੇ ਲੋਕਾਂ ਦੀ ਜਿੰਦਗੀ ਬਚਾਉਣ ਵਿਚ ਯੋਗਦਾਨ ਪਾਉਣਾਂ ਚਾਹੀਦਾ ਹੈ। ਇਕ ਸਿਹਮੰਦ ਵਿਅਕਤੀ 90 ਦਿਨਾਂ ਦੇ ਵਕਫੇ ਨਾਲ ਸਾਲ ਵਿਚ 4 ਵਾਰੀ ਆਪਣਾਂ ਖ਼ੂਨ ਦਾਨ ਕਰ ਸਕਦਾ ਹੈ ਅਤੇ ਇਕ ਸਿਹਮੰਦ ਔਰਤ 120 ਦਿਨਾਂ ਦੇ ਵਕਫੇ ਨਾਲ ਸਾਲ ਵਿਚ 3 ਵਾਰੀ ਖ਼ੂਨ ਦਾਨ ਕਰ ਸਕਦੀ ਹੈ। ਇਸ ਲਈ ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਵੱਧ ਤੋਂ ਵੱਧ ਖ਼ੂਨਦਾਨ ਕਰਕੇ ਮਨੁੱਖੀ ਜੀਵਨ ਨੂੰ ਬਚਾਉਣ ਵਿਚ ਸਹਿਯੋਗ ਦਿਓ ਹੈ।ਇਸ ਅਵਸਰ ਤੇ ਖ਼ੂਨਦਾਨ ਕੈਂਪਾਂ ਦੌਰਾਣ ਵਧੀਆ ਕਾਰਗੁਜਾਰੀ ਕਰਨ ਵਾਲੇ ਐਨ.ਜੀ.ਓ. ਅਤੇ ਸਟਾਰ ਡੋਨਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸੀਨੀਅਰ ਮੈਡੀਕਲ ਅਫਸਰ ਡਾ ਮਦਨ ਮੋਹਨ, ਡਾ ਸਰਤਾਜ ਸਿੰਘ, ਡਾ ਦਲਜੀਤ ਕੌਰ, ਜਿਲਾ੍ ਐਮ.ਈ.ਓ. ਅਮਰਦੀਪ ਸਿੰਘ, ਕੋਂਸਲਰ ਕੁਲਦੀਪ ਕੌਰ, ਨੀਨਾਂ ਰਾਮਪਾਲ, ਦਲਜੀਤ ਕੌਰ, ਸ਼ਿਵਾਕਾਂਤ, ਸ਼ਿਵ ਦਿਆਲ, ਸਵਿੰਦਰ ਭੱਟੀ ਅਤੇ ਸਮੂਹ ਸਟਾਫ ਹਾਜਰ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਨੈਸ਼ਨਲ ਕੁਸ਼ਟ ਰੋਗ ਜਾਗਰੂਕਤਾ ਦਿਵਸ ਦੌਰਾਣ ਸਿਹਤ ਵਿਭਾਗ ਵਲੋਂ ਵੰਡੇ ਗਏ ਐਮ.ਸੀ.ਆਰ. ਫੁਟਵੇਅਰ



**ਚੌਂਕ ਮਹਿਤਾ,30 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਵਲ ਸਰਜਨ ਡਾ ਵਿਜੇ ਕੁਮਾਰ ਜੀ ਦੀ ਅਗਵਾਈ ਹੇਠਾਂ ਮਹਾਤਮਾ ਗਾਂਧੀ ਜੀ ਦੇ ਬਲਿਦਾਨ ਦਿਵਸ ਨੂੰ ਸਮਰਪਿਤ ਸ੍ਰੀ ਗੁਰੁ ਰਾਮ ਦਾਸ ਕੁਸ਼ਟ ਆਂਸ਼ਰਮ ਝਬਾਲ ਰੋਡ ਵਿਖ ਸਿਵਲ ਸਰਜਨ ਡਾ ਵਿਜੇ ਕੁਮਾਰ ਜੀ ਦੀ ਅਗਵਾਈ ਹੇਠਾਂ ਨੈਸ਼ਨਲ ਕੁਸ਼ਟ ਰੋਗ ਜਾਗਰੂਕਤਾ ਦਿਵਸ ਮਨਾਇਆ ਗਿਆ। ਜਿਸ ਵਿੱਚ ਕੁਸ਼ਟ ਰੋਗ ਦੇ ਖਾਤਮੇਂ "ਪ੍ਰਣ" ਲਿਆ ਅਤੇ ਨਾਲ ਹੀ ਕੁਸ਼ਟ ਰੋਗੀਆਂ ਨੂੰ ਫੁੱਟਵੇਅਰ ਵੰਡੇ ਗਏ। ਇਸ ਮੌਕੇ ਤੇ ਡਾ ਵਿਜੇ ਕੁਮਾਰ ਨੇ ਕਿਹਾ ਇਸ ਮੁਹਿੰਮ ਦੌਰਾਣ ਜਿਲ੍ਹੇ ਭਰ ਦੇ ਸਾਰੇ ਸਿਹਤ ਕੇਂਦਰਾਂ ਵਿਚ ਇਹ ਸੁੰਹ ਚੁੱਕ ਸਮਾਗਮ ਕਰਵਾਏ ਗਏ, ਜਿਸਦਾ ਮੁੱਖ ਮੰਤਵ ਆਮ ਲੋਕਾਂ ਨੂੰ ਕੁਸ਼ਟ (ਕੌਹੜ) ਰੋਗ ਬਾਰੇ ਜਾਗਰੂਕ ਕਰਨਾਂ ਹੈ, ਤਾਂ ਜੋ ਇਸ ਰੋਗ ਦੇ ਲੱਛਣਾਂ ਬਾਰੇ ਸੱਭ ਨੂੰ ਜਾਣਕਾਰੀ ਹੋਵੇ ਅਤੇ ਇਸ ਰੋਗ ਦਾ ਮਰੀਜ ਮਿਲਣ ਤੇ ਉਸ ਦੀ ਜਾਂਚ-ਪੜਤਾਲ ਕਰਕੇ ਸਰਕਾਰੀ ਸਿਹਤ ਕੇਂਦਰ ਤੇ ਜਲਦੀ ਭੇਜਿਆ ਜਾ ਸਕੇ ਅਤੇ ਉਸ ਨੂੰ ਪੂਰੇ ਕੋਰਸ ਦੀ ਮੁੱਫਤ ਦਵਾਈ ਦੇ ਕੇ ਉਸ ਦਾ ਇਲਾਜ ਕਰਨਾਂ ਸੰਭਵ ਹੋ ਸਕੇ। ਜਿਲ੍ਹਾ ਲੈਪਰੋਸੀ ਅਫਸਰ ਡਾ ਸੁਨੀਤਾ ਅਰੋੜਾ ਨੇ ਦੱਸਿਆ ਕਿ ਇਸ ਮੁਹਿੰਮ ਦੌਰਾਣ ਕੁਸ਼ਟ ਰੋਗ ਦੇ ਇਲਾਜ ਅਤੇ ਦਵਾਈਆਂ ਬਾਰੇ ਆਮ ਲੋਕਾ ਨੂੰ ਜਾਣਕਾਰੀ ਦਿੱਤੀ ਜਾ ਰਹੀ ਹੈ, ਜਿਵੇਂ ਕਿ ਸ਼ਰੀਰ ਤੇ ਕਿਸੇ ਵੀ ਹਿੱਸੇ ਤੇ ਕੋਈ ਅਜੇਹਾ ਨਿਸ਼ਾਨ ਜਿਸ ਦਾ ਰੰਗ ਲਾਲ, ਚਿੱਟਾ ਜਾਂ ਤਾਂਬੇ ਰੰਗ ਦਾ ਹੋਵੇ ਜਿਸ ਤੇ ਛੋਹ ਮਹਿਸੂਸ ਨਾ ਹੂੰਦੀ ਹੋਵੇ ਅਤੇ ਗਰਮ ਠੰਡਾ ਵੀ ਨਾ ਮਹਿਸੂਸ ਹੁੰਦਾ ਹੋਵੇ ਅਤੇ ਨਾਲ ਹੀ ਹੱਥਾਂ ਅਤੇ ਪੈਰਾਂ ਉਤੇ ਆਪਣੇ ਆਪ ਛਾਲੇ ਪੈ ਕੇ ਜਖਮ ਹੋ ਜਾਣਾ। ਇਹ ਸਾਰੀਆ ਕੋਹੜ ਦੀਆਂ ਨਿਸ਼ਾਨੀਆਂ ਹਨ। ਉਹਨਾ ਨੇ ਇਹ ਵੀ ਦੱਸਿਆ ਕਿ ਜਦੋ ਮਰੀਜ ਲਗਾਤਾਰ ਇਸ ਦਵਾਈ ਦਾ ਕੋਰਸ ਪੂਰਾ ਕਰ ਲੇਦਾ ਹੈ, ਤਾਉਹ ਇਸ ਰੋਗ ਦੇ ਖਤਰੇ ਤੋ ਪੂਰੀ ਤਰਾ ਮੁਕਤ ਹੋ ਜਾਦਾ ਹੈ।ਇਸ ਮੋਕੇ ਤੇ ਜਿਲਾ੍ ਐਮ.ਈ.ਆਈ.ਓ. ਅਮਰਦੀਪ ਸਿੰਘ, ਗੁਰਪ੍ਰੀਤ ਸਿੰਘ, ਪਰਮਿੰਦਰ ਸਿੰਘ, ਮਨਜਿੰਦਰ ਕੌਰ, ਰਸ਼ਪਾਲ ਸਿੰਘ ਅਤੇ ਸਮੂਹ ਸਟਾਫ ਸ਼ਾਮਲ ਹੋਏ।

ਆਵਾਜ਼ਿ ਕੌਮ AWAZE QAUM International Newspaper & WEB TV

# ਭਾਈ ਜਸਵੰਤ ਸਿੰਘ ਜੀ ਸਿੰਘਾ ਚੱਕ ਵਾਲੇ ਅਕਾਲ ਚਲਾਣਾ ਕਰ ਗਏ

### ਸੰਤ ਚਰਨਜੀਤ ਸਿੰਘ ਜੱਸੋਵਾਲ ਵੱਲੋਂ ਦੁੱਖ ਦਾ ਪ੍ਰਗਟਾਵਾ



ਮੇਰਾ ਜਿਗਰੀ ਦੋਸਤ ਜਿਨ੍ਹਾਂ ਨੂੰ ਮੈਂ ਹਮੇਸ਼ਾ ਆਪਣਾ ਵੱਡੇ ਭਰਾ ਦਾ ਸਨਮਾਨ ਦਿੱਤਾ, ਅੱਜ ਮੇਰਾ ਉਹ ਭਰਾ, ਭਾਈ ਜਸਵੰਤ ਸਿੰਘ ਜੀ ਸਿੰਘਾ ਚੱਕ ਵਾਲੇ ਏਜੰਟ ਜੋ ਸਦੀਵੀ ਵਿਛੋੜਾ ਦੇ ਗਏ ਹਨ ਉਹਨਾ ਦਾ ਸੰਸਕਾਰ ਵੀ ਅੱਜ ਤੀਹ ਤਰੀਕ ਦਿਨ ਮੰਗਲਵਾਰ ਨੂੰ ਇੱਕ ਵਜੇ ਪਿੰਡ ਸਿੰਘਾ ਚੱਕ ਵਿਖੇ ਕਰ ਦਿੱਤਾ ਗਿਆ ਹੈ। ਮੇਰਾ ਵੱਡਾ ਭਰਾ ਮੇਰਾ ਦੋਸਤ ਜ਼ਿੰਦਗੀ ਵਿੱਚ ਹਰ ਸੌਖੇ ਅਤੇ ਔਖੇ ਵੇਲੇ ਮੇਰੇ ਨਾਲ ਖੜ੍ਹਦਾ ਰਿਹਾ ਹੈ। ਮੈਂ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਕਰਦਾ ਹਾਂ ਕਿ ਪਰਮਾਤਮਾ ਮੇਰੇ ਵੱਡੇ ਭਰਾ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਆਵਾਜ਼ਿ ਕੌਮ AWAZE QAUM International Newspaper & WEB TV

# ਸੂਬੇ ਦੇ ਹਰੇਕ ਦਿਵਿਆਂਗ ਨੂੰ ਦਿੱਤੇ ਜਾਣਗੇ ਸਹਾਇਕ ਉਪਕਰਣ - ਈ.ਟੀ.ਓ.

### ☛ 334 ਦਿਵਿਆਂਗ ਵਿਅਕਤੀਆਂ ਨੂੰ ਕਰੀਬ 45 ਲੱਖ ਦੇ ਵੰਡੇ ਸਹਾਇਕ ਉਪਕਰਣ ☛ ਆਮ ਆਦਮੀ ਪਾਰਟੀ ਬਿਨਾਂ ਭੇਦਭਾਵ ਕਰ ਰਹੀ ਹੈ ਸੂਬੇ ਦਾ ਵਿਕਾਸ

**ਅੰਮ੍ਰਿਤਸਰ, 30 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਆਮ ਆਦਮੀ ਪਾਰਟੀ ਬਿਨਾਂ ਕਿਸੇ ਭੇਦਭਾਵ ਦੇ ਸੂਬੇ ਦਾ ਵਿਕਾਸ ਕਰ ਰਹੀ ਹੈ ਅਤੇ ਪਿਛਲੀਆਂ ਸਰਕਾਰਾਂ ਵਲੋਂ ਕੇਵਲ ਆਪਣਾ ਹੀ ਵਿਕਾਸ ਕੀਤਾ ਹੈ ਨਾ ਕਿ ਸੂਬੇ ਦਾ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਸ: ਹਰਭਜਨ ਸਿੰਘ ਈ.ਟੀ.ਓ ਕੈਬਨਿਟ ਮੰਤਰੀ ਪੰਜਾਬ ਵਲੋਂ ਅਲਿਮਕੋ ਦੇ ਸਹਿਯੋਗ ਨਾਲ ਲਗਾਏ ਗਏ ਕੈਂਪ ਦਾ ਉਦਘਾਟਨ ਕਰਦਿਆਂ ਕੀਤਾ। ਕੈਬਨਿਟ ਮੰਤਰੀ ਈ.ਟੀ.ਓ ਨੇ ਦੱਸਿਆ ਕਿ ਅਲਿਮਕੋ ਵਲੋਂ ਕਰੀਬ ਦੋ ਮਹੀਨੇ ਪਹਿਲਾਂ ਜੰਡਿਆਲਾ ਅਤੇ ਬਾਬਾ ਬਕਾਲਾ ਵਿੱਚ ਦਿਵਿਆਂਗ ਵਿਅਕਤੀਆਂ ਦੀਆਂ ਲੋੜਾਂ ਦਾ ਪਤਾ ਲਗਾਉਣ ਲਈ ਵਿਸ਼ੇਸ਼ ਕੈਂਪ ਲਗਾਏ ਗਏ ਸਨ, ਨੂੰ ਅੱਜ ਜੰਡਿਆਲਾ ਵਿਖੇ ਕੈਂਪ ਲਗਾ ਕੇ ਲੋੜਵੰਦ ਵਿਅਕਤੀਆ ਦੇ ਸਹਾਇਕ ਉਪਕਰਣ ਦਿੱਤੇ ਗਏ। ਇਸ ਮੌਕੇ ਸੰਬੋਧਨ ਕਰਦੇ ਸ: ਈ.ਟੀ.ਓ ਨੇ ਕਿਹਾ ਕਿ ਦਿਵਿਆਂਗ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਹੋਈਆਂ ਹਨ ਅਤੇ ਛੇਤੀ ਹੀ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਸ਼ੇਸ਼ ਕੈਂਪ ਲਗਾ ਕੇ ਬਾਕੀ ਰਹਿੰਦੇ ਲੋਕਾਂ ਤੱਕ ਵੀ ਲੋੜੀਂਦੀ ਸਹਾਇਤਾ ਸਮੱਗਰੀ ਪਹੁੰਚਾਈ ਜਾਵੇਗੀ। ਉਨਾਂ ਦੱਸਿਆ ਕਿ ਅੱਜ ਦੇ ਕੈਂਪਾਂ ਵਿੱਚ 334 ਵਿਅਕਤੀਆਂ ਨੂੰ ਅਲਿਮਕੋ ਦੀ ਸਹਾਇਤਾ ਨਾਲ ਲਗਾਏ ਗਏ ਵਿਸ਼ੇਸ਼ ਕੈਂਪ ਦੌਰਾਨ ਕਰੀਬ 45 ਲੱਖ ਰੁਪਏ ਦੇ 680 ਸਹਾਇਕ ਉਪਰਕਣ ਵੰਡੇ ਗਏ ਹਨ। ਉਨਾਂ ਦੱਸਿਆ ਕਿ ਜਿਨਾਂ ਦਿਵਿਆਂਗਾਂ ਨੂੰ ਟਰਾਈ ਸਾਈਕਲ ਦਿੱਤੇ ਗਏ ਹਨ ਉਨਾਂ ਨੂੰ ਹੈਲਮਟਾਂ ਦੀ ਵੀ ਵੰਡ ਕੀਤੀ ਗਈ ਹੈ। ਉਨਾਂ ਦੱਸਿਆ ਹਰੇਕ ਵਿਅਕਤੀ ਦੀ ਲੋੜ ਅਨੁਸਾਰ ਸਾਇਜ ਲੈ ਕੇ ਉਪਕਰਣ ਤਿਆਰ ਕਰਵਾਏ ਗਏ ਅਤੇ ਹੁਣ ਉਨਾਂ ਦੇ ਨਜ਼ਦੀਕੀ ਸਥਾਨਾਂ 'ਤੇ ਜਾ ਕੇ ਕੈਂਪ ਲਗਾ ਕੇ ਇਹ ਵੰਡ ਕੀਤੀ ਜਾ ਰਹੀ ਹੈ। ਉਨਾਂ ਦੱਸਿਆ ਕਿ ਇਹ ਸਾਰੇ ਉਪਕਰਣ ਅਲਿਮਕੋ ਵਲੋਂ ਬਹੁਤ ਵਧੀਆ ਤਕਨੀਕ ਅਤੇ ਕੁਆਲਿਟੀ ਨਾਲ ਤਿਆਰ ਕੀਤੇ ਗਏ ਹਨ। ਇਸ ਮੌਕੇ ਟਰਾਈ ਸਾਈਕਲਾ ਤੋਂ ਇਲਾਵਾ ਵੀਲ੍ਹ ਚੇਅਰ, ਸਮਾਰਟ ਫੋਨ, ਸਮਾਰਟ ਕੇਨ, ਵਾਕਿੰਗ ਸਟਿਕ ਆਦਿ ਦੀ ਵੰਡ ਵੀ ਕੀਤੀ ਗਈ ਹੈ। ਇਸ ਮੌਕੇ ਕੈਬਨਿਟ ਮੰਤਰੀ ਈ.ਟੀ.ਓ. ਨੇ ਕਿਹਾ ਕਿ ਸਾਡੀ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਅਤੇ ਆਮ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ। ਉਨਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਨੇ ਸੜ੍ਹਕ ਸੁਰੱਖਿਆ ਫੋਰਸ ਦਾ ਗਠਨ ਕਰਕੇ ਪੂਰੇ ਦੇਸ਼ ਵਿੱਚ ਇਕ ਨਵੀਂ ਪਹਿਲਕਦਮੀ ਕੀਤੀ ਹੈ, ਜਿਸ ਨਾਲ ਸੜ੍ਹਕੀ ਦੁਰਘਟਨਾਵਾਂ 'ਤੇ ਠੱਲ ਪਾਈ ਜਾ ਸਕਦੀ ਹੈ ਅਤੇ ਜਖਮੀਆਂ ਨੂੰ ਤੁਰੰਤ ਹੀ ਮੁੱਢਲੀ ਡਾਕਟਰੀ ਸਹਾਇਤਾ ਦੇ ਕੇ ਉਨਾਂ ਦੀ ਜਾਨ ਬਚਾਈ ਜਾ ਸਕਦੀ ਹੈ। ਉਨਾਂ ਕਿਹਾ ਕਿ ਆਮ ਲੋਕਾਂ ਨੂੰ ਸਿਹਤ ਸੁਵਿਧਾਵਾਂ ਘਰ ਦੇ ਨੇੜੇ ਹੀ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ 116 ਹੋਰ ਆਮ ਆਦਮੀ ਕਲੀਨਿਕ ਖੋਲ੍ਹੇ ਜਾ ਰਹੇ ਹਨ ਅਤ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮਰੀਜਾਂ ਨੂੰ ਹੁਣ ਬਾਹਰੋਂ ਦਵਾਈਆਂ ਨਹੀਂ ਲੈਣੀਆਂ ਪੈਣਗੀਆਂ ਅਤੇ ਹਸਪਤਾਲਾਂ ਵਿੱਚ ਸਾਰਾ ਇਲਾਜ ਮੁਫ਼ਤ ਹੋਵੇਗਾ। ਇਸ ਮੌਕੇ ਹਲਕਾ ਵਿਧਾਇਕ ਬਾਬਾ ਬਕਾਲਾ ਸ: ਦਲਬੀਰ ਸਿੰਘ ਟੌਂਗ, ਐਸ.ਡੀ.ਐਮ. ਬਾਬਾ ਬਕਾਲਾ ਸ ਅਮਨਦੀਪ ਸਿੰਘ, ਚੇਅਰਮੈਨ ਛਨਾਖ ਸਿੰਘ, ਸ੍ਰੀ ਅਸੀਸਇੰਦਰ ਸਿੰਘ ਜਿਲ੍ਹਾ ਸਮਾਜਿਕ ਸਿੱਖਿਆ ਅਧਿਕਾਰੀ, ਸੀ.ਡੀ.ਪੀ.ਓ. ਰਈਆ ਖੁਸ਼ਮੀਤ ਕੌਰ ਤੋਂ ਇਲਾਵਾ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

।। ੧ੳ ਸਤਿਗੁਰ ਪ੍ਰਸਾਦਿ ।।
ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਹਿ ।।
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ।।

# ਪਾਠ ਦਾ ਭੋਗ ਅਤੇ ਅੰਤਿਮ ਅਰਦਾਸ



## ਸਵ. ਸ੍ਰ. ਗੁਰਤੇਜ਼ ਸਿੰਘ ਸਿੱਧੂ

ਆਪ ਜੀ ਨੂੰ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਰਯੋਗ ਪਿਤਾ ਸਵ. ਸ੍ਰ. ਗੁਰਤੇਜ ਸਿੰਘ ਸਿੱਧੂ ਉਰਫ਼ ਤੇਜਾ ਸਿੰਘ ਜੀ ਜੋ ਕਿ 24 ਜਨਵਰੀ 2024 ਦਿਨ ਬੁੱਧਵਾਰ ਨੂੰ ਅਕਾਲ ਚਲਾਣਾ ਕਰ ਗਏ ਹਨ। ਸੋ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ

## ☬ ਸ੍ਰੀ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ☬

ਮਿਤੀ 01 ਫਰਵਰੀ 2024 ਦਿਨ ਵੀਰਵਾਰ ਨੂੰ ਬਾਅਦ ਦੁਪਹਿਰ 12:30 ਵਜੇ ਬਾਹਰਲੇ ਗਰੁਦੁਆਰਾ ਪ੍ਰਗਟਸਰ ਸਾਹਿਬ ਪਿੰਡ ਮਲਕਾਣਾ (ਬਠਿੰਡਾ) ਵਿਖੇ ਹੋਵੇਗੀ। ਸੋ ਆਪ ਜੀ ਨੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ।

ਆਵਾਜ਼ਿ ਕੌਮ AWAZE QAUM International Newspaper & WEB TV

### -ਦੁਖੀ ਹਿਰਦੇ-

ਕਰਤਾਰ ਕੌਰ (ਪਤਨੀ)

ਜਗਸੀਰ ਸਿੰਘ, ਸੁਖਪ੍ਰੀਤ ਕੌਰ (ਸਪੁੱਤਰ-ਨੂੰਹ)
ਗੁਰਜੰਟ ਸਿੰਘ, ਸੰਦੀਪ ਕੌਰ (ਸਪੁੱਤਰ-ਨੂੰਹ)
ਗੁਰਪ੍ਰੀਤ ਕੌਰ, ਸੁਖਦੇਵ ਸਿੰਘ (ਸਪੁੱਤਰੀ-ਜਵਾਈ)
ਆਕਾਸ਼ਦੀਪ ਸਿੰਘ, ਏਕਮਦੀਪ ਸਿੰਘ (ਪੋਤਰੇ)

ਸੰਪਰਕ :- 99144-15167, 75086-94998

ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਅਤੇ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲੇ ਜਥੇਦਾਰ ਬਾਬਾ ਜਰਨੈਲ ਸਿੰਘ ਜੀ ਜੈਤੋ ਸਰਜਾ ਵਾਲਿਆਂ ਦੀ ਦੋਹਤੀ

# ਬੀਬੀ ਸਿਮਰਨਜੀਤ ਕੌਰ ਜੀ ਦੇ ਵਿਆਹ ਅਨੰਦ ਕਾਰਜ ਵਿੱਚ ਜਥੇਬੰਦੀ ਵੱਲੋਂ ਹਾਜ਼ਰੀ ਭਰਨ ਲਈ ਪਹੁੰਚੇ














**(ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ)** ਜਥੇਦਾਰ ਬਾਬਾ ਜਰਨੈਲ ਸਿੰਘ ਜੀ ਜੈਤੋ ਸਰਜਾ ਵਾਲਿਆਂ ਦੀ ਦੋਹਤੀ ਅਤੇ ਸ੍ਰ ਨਰਿੰਦਰ ਸਿੰਘ ਜੀ ਦੀ ਸਪੁੱਤਰੀ ਬੀਬੀ ਸਿਮਰਨਜੀਤ ਕੌਰ ਵਾਸੀ ਬਟਾਲਾ ਅਤੇ ਦੂਸਰਾ ਪਰਿਵਾਰ ਸ੍ਰ ਕੁਲਵਿੰਦਰ ਸਿੰਘ ਜੀ ਦਾ ਸਪੁੱਤਰ ਸ੍ਰ ਲਵਪ੍ਰੀਤ ਸਿੰਘ ਵਾਸੀ ਧਾਲੀਵਾਲ ਬੋਝਾ ਸ੍ਰ ਲਵਪ੍ਰੀਤ ਸਿੰਘ ਅਤੇ ਬੀਬੀ ਸਿਮਰਨਜੀਤ ਕੌਰ ਦਾ ਸੁਭਾਗ ਭਰੀ ਜੋੜੀ ਦਾ ਆਨੰਦ ਕਾਰਜ ਹੋਇਆ ਜਿਸ ਵਿੱਚ ਇੰਟਰਨੈਸ਼ਨਲ ਪੰਥਕ ਦਲ ਅਸਟਰੀਆ ਯੂਰਪ ਦੇ ਪ੍ਰਧਾਨ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਅਤੇ ਜਥੇਬੰਦੀ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਸਪੁੱਤਰ ਸ਼ਹੀਦ ਭਾਈ ਸਰਵਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲੇ ਜਥੇਬੰਦੀ ਵੱਲੋਂ ਹਾਜ਼ਰੀ ਭਰਨ ਲਈ ਵਿਸ਼ੇਸ਼ ਤੌਰ ਤੇ ਪਹੁੰਚੇ। ਜਥੇਦਾਰ ਬਾਬਾ ਜਰਨੈਲ ਸਿੰਘ ਜੀ ਵੱਲੋਂ ਸਾਰੇ ਸਿੰਘਾਂ ਦਾ ਧੰਨਵਾਦ ਕੀਤਾ ਅਤੇ ਜੀ ਆਇਆਂ ਕਿਹਾ।ਇਸ ਤੋਂ ਬਾਅਦ ਦਮਦਮੀ ਟਕਸਾਲ ਦੇ ਵਿਦਿਆਰਥੀ ਕਥਾਵਾਚਕ ਜਥੇਦਾਰ ਦਵਿੰਦਰ ਸਿੰਘ ਜੀ ਦੇ ਗ੍ਰਹਿ ਵਿਖੇ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਅਤੇ ਬਾਬਾ ਸੱਜਣ ਸਿੰਘ ਜੀ ਨੇ ਹਾਜਰੀ ਭਰੀ। ਕੁਝ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ। ਜਥੇਦਾਰ ਦਵਿੰਦਰ ਸਿੰਘ ਜੀ ਕਥਾਵਾਚਕ ਵੱਲੋਂ ਗ੍ਰਹਿ ਵਿਖੇ ਪਹੁੰਚਣ ਤੇ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਅਤੇ ਬਾਬਾ ਸੱਜਣ ਸਿੰਘ ਜੀ ਦਾ ਸਨਮਾਨਿਤ ਕੀਤਾ ਗਿਆ ਇਸ ਮੌਕੇ ਜਥੇਦਾਰ ਬਾਬਾ ਜਰਨੈਲ ਸਿੰਘ ਜੀ ਜੈਤੋ ਸਰਜਾ, ਸ੍ਰ ਗੁਰਨਾਮ ਸਿੰਘ ਜੀ ਜੱਸਲ ਮੈਂਬਰ ਸ਼੍ਰੋਮਣੀ ਕਮੇਟੀ ਸ੍ਰੀ ਅੰਮ੍ਰਿਤਸਰ, ਭਾਈ ਗੁਰਭੇਜ ਸਿੰਘ ਜੀ ਭੈਣੀ ਮੱਸਾ ਸਿੰਘ ਜਿਲਾ ਪ੍ਰਧਾਨ ਤਰਨਤਾਰਨ , ਰਾਗੀ ਭਾਈ ਕਿਰਪਾਲ ਸਿੰਘ ਵਾੜਾ ਸ਼ੇਰ ਸਿੰਘ , ਸ੍ਰ ਗੁਰਬਖਸ਼ ਸਿੰਘ, ਸ੍ਰ ਜਸਮੀਤ ਸਿੰਘ ਜੀ ਹਜ਼ੂਰੀ ਰਾਗੀ ਗੁ ਕੰਧ ਸਾਹਿਬ , ਬੀਬੀ ਪਰਮਜੀਤ ਕੌਰ ਹਾਜਰ ਸਨ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243



ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ

ਸਰਬ ਰੋਗ ਕਾ ਅਉਖਦ ਨਾਮ॥

ਪੀਵਹੁ ਪਾਹੁਲ ਖੰਡੇਧਾਰ ਹੋਇ ਜਨਮੁ ਸੁਹੇਲਾ।

ਸਲਾਨਾ ਜੋੜ ਮੇਲ ਗੁਰਮਤਿ ਸਮਾਗਮ

ਮਿਤੀ 17, 18, 19 ਫਰਵਰੀ 2024 ਦਿਨ ਸ਼ਨੀਵਾਰ, ਐਤਵਾਰ ਅਤੇ ਸੋਮਵਾਰ ਨੂੰ

ਸਥਾਨ: ਸ਼੍ਰੀ ਗੁਰੂ ਤੇਗ ਬਹਾਦਰ ਕਲੋਨੀ, ਖਾਲਸਾ ਫਾਰਮ ਨੇੜੇ ਬਿਜਲੀ ਗਰਿੱਡ, ਭੀਖੀ (ਮਾਨਸਾ) (ਰਿਹਾਇਸ ਬਾਬਾ ਹਰਜਿੰਦਰ ਸਿੰਘ ਜੀ ਭੀਖੀ ਵਾਲੇ) ਵਿਖੇ

ਮਿਤੀ 17 ਫਰਵਰੀ 2024 ਦਿਨ ਸ਼ਨੀਵਾਰ
ਪ੍ਰਕਾਸ਼ ਸ਼੍ਰੀ ਅਖੰਡ ਪਾਠ ਸਾਹਿਬ
ਸਵੇਰੇ 10 ਵਜੇ

ਮਿਤੀ 18 ਫਰਵਰੀ 2024 ਦਿਨ ਐਤਵਾਰ
ਮੱਧ ਸ਼੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ
ਦਰਬਾਰ ਰਾਤ 7.00 ਵਜੇ ਤੋਂ 10.00 ਵਜੇ ਤੱਕ

ਮਿਤੀ 19 ਫਰਵਰੀ 2024 ਦਿਨ ਸੋਮਵਾਰ
ਭੋਗ ਸ਼੍ਰੀ ਅਖੰਡ ਪਾਠ ਸਾਹਿਬ ਸਵੇਰੇ 9.00 ਵਜੇ
ਕੀਰਤਨ ਸਮਾਗਮ ਸਵੇਰੇ 10.00 ਵਜੇ ਤੋਂ 2.00 ਵਜੇ ਤੱਕ

ਕੀਰਤਨ ਸਮਾਗਮ ਵਿੱਚ ਗੁਰੂ ਘਰ ਦੇ ਰਾਗੀ, ਢਾਡੀ, ਕਥਾਵਾਚਕ ਅਤੇ ਕੀਰਤਨੀਏ ਗੁਰੂ ਜਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ।

ਅੰਮ੍ਰਿਤ ਸੰਚਾਰ ਸਮਾਗਮ: 19 ਫਰਵਰੀ 2024 ਦਿਨ ਐਤਵਾਰ ਸਵੇਰੇ 10 ਵਜੇ

ਜਲੇਬੀਆਂ ਦਾ ਲੰਗਰ ਅਤੁੱਟ ਵਰਤੇਗਾ।

ਅੰਮ੍ਰਿਤ ਅਭਿਲਾਖੀ ਸੰਗਤਾਂ ਸਮੇਂ ਸਿਰ ਪਹੁੰਚ ਕੇ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕਰਨ ਜੀ।

19 ਫਰਵਰੀ ਨੂੰ ਜੋ ਜਿਹੜੇ ਨੌਜਵਾਨ ਸਿਰ ਉੱਤੇ ਕੇਸ ਰੱਖਣ ਦਾ ਪ੍ਰਣ ਕਰਨਗੇ ਉਹਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।



ਬਾਬਾ ਹਰਜਿੰਦਰ ਸਿੰਘ ਜੀ (ਖਾਲਸਾ ਫਾਰਮ) ਭੀਖੀ ਵਾਲੇ

ਵੱਲੋਂ: ਸਮੂਹ ਇਲਾਕਾ ਨਿਵਾਸੀ ਸੰਗਤਾਂ ਅਤੇ ਖਾਲਸਾ ਫਾਰਮ, ਭੀਖੀ (ਮਾਨਸਾ)
ਸੰਪਰਕ ਨੰਬਰ. 98141-09794, 98781-59576, 95699-91433


ਗੁਰਦੁਆਰਾ ਗੁਰੂ ਸਰ ਸਾਹਿਬ ਗੁਰੂ ਹਰਿਗੋਬਿੰਦ ਸਾਹਿਬ ਜੀ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਨਗਰ ਕਾਂਉਕੇ ਵਿਖੇ

# ਭਾਈ ਭਵਦੀਪ ਸਿੰਘ ਸੰਘੇੜਾ ਸਪੁੱਤਰ ਸ੍ਰ ਅਜੈਬ ਸਿੰਘ ਨਗਰ ਜਿਲਾ ਕਪੂਰਥਲਾ ਦਾ ਆਨੰਦ ਕਾਰਜ ਸ੍ਰ ਗੁਰਮੀਤ ਸਿੰਘ ਜੀ ਦਾਉਧਰ ਜਿਲਾ ਮੋਗਾ ਦੀ ਧੀਅ ਬੀਬੀ ਜੋਤ ਕੌਰ ਨਾਲ ਪੂਰਨ ਗੁਰਮਰਿਯਾਦਾ ਅਨੁਸਾਰ ਹੋਇਆ









ਆਵਾਜ਼ਿ ਕੌਮ AWAZE QAUM International Newspaper & WEB TV

ਕਪੂਰਥਲਾ, 30 ਜਨਵਰੀ (ਆਵਾਜ਼ਿ ਕੌਮ ਬਿਊਰੋ)-ਸ਼ਹੀਦ ਜੱਥੇਦਾਰ ਗੁਰਦੇਵ ਸਿੰਘ ਕਾਉਂਕੇ ਸਾਬਕਾ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਨਗਰ ਵਿਖੇ ਭਾਈ ਭਵਦੀਪ ਸਿੰਘ ਸੰਘੇੜਾ ਸਪੁੱਤਰ ਸ੍ਰ ਅਜੈਬ ਸਿੰਘ ਨਗਰ ਜਿਲਾ ਕਪੂਰਥਲਾ ਦਾ ਆਨੰਦ ਕਾਰਜ ਸ੍ਰ ਗੁਰਮੀਤ ਸਿੰਘ ਜੀ ਦਾਉਧਰ ਜਿਲਾ ਮੋਗਾ ਦੀ ਧੀਅ ਬੀਬੀ ਜੋਤ ਕੌਰ ਨਾਲ ਪੂਰਨ ਗੁਰਮਰਿਯਾਦਾ ਅਨੁਸਾਰ ਹੋਇਆ ਜਿਸ ਵਿੱਚ ਪਰਿਵਾਰਕ ਰਿਸ਼ਤੇਦਾਰਾਂ ਤੋਂ ਇਲਾਵਾ ਬਹੁਤ ਸੰਗਤ ਸ਼ਖਸ਼ੀਅਤਾਂ ਨੇ ਹਾਜ਼ਰੀ ਭਰਨ ਤੇ ਮਹਾਂਨ ਗੁਰਮਤਿ ਸਮਾਗਮ ਹੋ ਨਿੱਬੜਿਆਂ ਜਿਸ ਵਿੱਚ ਸੰਗਤਾਂ ਨੂੰ ਗੁਰੂ ਵਾਲੇ ਬਣਨ ਅੰਮ੍ਰਿਤ ਛਕਣ ਤੇ ਖਾਲਸਾ ਪੰਥ ਅੰਦਰ ਏਕਤਾ ਇਤਫ਼ਾਕ ਖ਼ਾਲਸੇ ਦੀ ਚੜਦੀ ਕਲਾ ਲਈ ਸੁਹਿਰਦ ਯਤਨਾਂ ਦੀ ਪਰੇਰਨਾਂ ਕੀਤੀ ਗਈ ਸਨਮਾਂਨਯੋਗ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੇ ਕਵੀਸ਼ਰ ਜੱਥੇ ਵਿਆਹ ਵੱਲੇ ਬੱਚਿਆਂ ਤੇ ਪਰਿਵਾਰ ਸਮੇਤ ਵਕੀਲ ਸਰਬਜੀਤ ਸਿੰਘ ਵੇਰਕਾ ਤੇ ਹੋਰ ਸ਼ਖਸ਼ੀਅਤਾਂ ਦਾ ਸਿਰਪਾਉ ਦੇਕੇ ਸਨਮਾਂਨ ਕੀਤਾ ਤੇ ਉਤਸ਼ਾਹ ਪੂਰਵਕ ਸਪੀਚ ਕੀਤੀ ਸਟੇਜ ਸੰਚਾਲਕ ਦੀ ਸੇਵਾ ਗਿਆਨੀ ਗੁਰਸਿਮਰਨ ਸਿੰਘ ਕਥਾਵਾਚਕ ਕੈਨੇਡਾ ਵਾਲਿਆਂ ਨੇ ਬਾਖੂਬੀ ਨਿਭਾਈ ਤੇ ਸੰਗਤ ਗੁਰੂ ਕੇ ਕੀਰਤਨੀਏ ਕਵੀਸ਼ਰ ਜੱਥੇ ਸਿੰਘ ਸਾਹਿਬਾਂਨ ਜੀ ਤੇ ਸਮੁੱਚੀਆਂ ਸ਼ਖਸ਼ੀਅਤਾਂ ਦਾ ਧੰਨਵਾਦ ਕਰ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਟਾਨਿ ਕੋਟਿ ਸ਼ੁਕਰਾਂਨਾ ਕੀਤਾ।

ਦੇਗ ਤੇਗ ਫਤਹਿ॥ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥ ਪੰਥ ਕੀ ਜੀਤ॥

## ਧੰਨ-ਧੰਨ 108

# ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦਾ ਜਨਮ ਦਿਹਾੜਾ

# ਮਿਤੀ 16, 17, 18 ਫ਼ਰਵਰੀ 2024 ਨੂੰ

ਗੁਰਦਵਾਰਾ ਸਾਹਿਬ ਬਾਬਾ ਸੰਗ ਜੀ ਸਮੈਦਿਕ (ਬਰਮਿੰਘਮ) ਵਿਖੇ ਮਨਾਇਆ ਜਾ ਰਿਹਾ ਹੈ।



## ਵਿਸ਼ੇਸ਼ ਪ੍ਰੋਗਰਾਮ:

16-2-2024 ਦਿਨ ਸ਼ੁਕਰਵਾਰ

ਅਰੰਭ ਦੋ ਸ੍ਰੀ ਅਖੰਡ ਪਾਠ ਸਾਹਿਬ ਜੀ 11 ਵਜੇ ਸਵੇਰੇ।

18-2-2024 ਦਿਨ ਐਤਵਾਰ

ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 10 ਵਜੇ ਸਵੇਰੇ।

16-17 ਫ਼ਰਵਰੀ ਨੂੰ 7 ਤੋਂ 8 ਵਜੇ ਤਕ ਸ਼ਾਮ ਦੇ ਦੀਵਾਨ ਸਜਣਗੇ

ਭੋਗ ਉਪਰੰਤ ਭਾਰੀ ਦੀਵਾਨ ਸਜਾਏ ਜਾਣਗੇ ਜਿਸ ਵਿਚ ਬੁਲਾਰੇ ਅਤੇ ਹੋਰ ਗੁਣੀ ਗਿਆਨੀ ਸੰਗਤਾਂ ਨੂੰ ਵਾਰਾਂ ਰਾਹੀਂ ਨਿਹਾਲ ਕਰਨਗੇ।

ਇਸ ਮੌਕੇ ਗੁਰੂ ਕਾ ਲੰਗਰ ਤਿੰਨੋ ਦਿਨ ਅਤੁੱਟ ਵਰਤੇਗਾ।

ਸਮੂਹ ਸੰਗਤ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਧਾਰਮਿਕ ਸਮਾਗਮ ਵਿਚ ਹੁੰਮ ਹੁੰਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

**ਵਲੋਂ :-** ਸਮੂਹ ਸੰਗਤ ਅਤੇ ਨਗਰ ਨਿਵਾਸੀ ਪਿੰਡ ਬੱਲੋਵਾਲ (ਸ਼ਹੀਦ ਭਗਤ ਸਿੰਘ ਨਗਰ) ਅਤੇ ਗੁਰਦਵਾਰਾ ਬਾਬਾ ਸੰਗ ਜੀ ਸਮੈਦਿਕ (ਬਰਮਿੰਘਮ) ਦੀ ਪ੍ਰਬੰਧਕ ਕਮੇਟੀ।

# Gurdwara Baba Sang Ji

7-9 St. Pauls Road, Smethwick, Birmingham, West Midlands B66 1EE Tel: 0121 558 2681

ਪਿੰਡ ਪਹੂਵਿੰਡ ਸਾਹਿਬ ਵਿਖੇ ਸੰਤ ਭਿੰਡਰਾਂਵਾਲਿਆਂ ਦੀ ਫੋਟੋ ਦੇ ਵਿਵਾਦ ਨੂੰ ਲੈ ਕੇ

# ਪਿੰਡ ਰੋੜੇ ਤੋਂ ਜਥਾ ਪਹੁੰਚਿਆ ਪ੍ਰਬੰਧਕਾ ਨਾਲ ਲੜਾਈ ਝਗੜਾ ਹੋਣ ਕਾਰਨ ਦੋ ਸਿੰਘ ਜਖਮੀ ਹੋਏ



## ਇੰਟਰਨੈਸ਼ਨਲ ਪੰਥਕ ਦਲ ਜਥੇਬੰਦੀ ਵੱਲੋਂ ਅਹੁਦੇਦਾਰ ਸਿੰਘਾਂ ਦਾ ਹਾਲ ਚਾਲ ਪੁੱਛਣ ਲਈ ਹਸਪਤਾਲ ਪਹੁੰਚੇ

(ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ)ਦਮਦਮੀ ਟਕਸਾਲ ਦੇ ਪਹਿਲੇ ਮੁੱਖੀ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਅਸਥਾਨ ਪਿੰਡ ਪਹੂਵਿੰਡ ਸਾਹਿਬ ਵਿਖੇ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਫੋਟੋ ਦਾ ਵਿਵਾਦ ਚੱਲਿਆ ਸੀ। ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਜਨਮ ਅਸਥਾਨ ਗੁਰਦੁਆਰਾ ਸੰਤ ਖਾਲਸਾ ਪਿੰਡ ਰੋੜੇ ਤੋਂ ਭਾਈ ਜਗਤਾਰ ਸਿੰਘ ਜੀ ਰੋੜੇ ਮੈਂਬਰ ਸ਼੍ਰੋਮਣੀ ਕਮੇਟੀ ਦੇ ਅਗਵਾਈ ਵਿੱਚ ਜੱਥਾ ਪਹੂਵਿੰਡ ਸਾਹਿਬ ਪਹੁੰਚਿਆ ਸੀ ਉਹਨਾਂ ਦੇ ਨਾਲ ਲੜਾਈ ਝਗੜਾ ਪ੍ਰਬੰਧਕਾਂ ਵੱਲੋਂ ਕੀਤਾ ਗਿਆ ਉਹਦੇ ਵਿੱਚ ਪਿੰਡ ਰੋੜੇ ਦੇ ਦੋ ਨੌਜਵਾਨ ਜ਼ਖ਼ਮੀ ਹੋਏ ਸਨ ਜਿਨਾਂ ਵਿੱਚ ਭਾਈ ਕੁਲਦੀਪ ਸਿੰਘ ਜੀ ਰੋੜੇ ਜੇਰੇ ਇਲਾਜ ਹਨ ਅਤੇ ਆਪ੍ਰੇਸ਼ਨ ਹੋਇਆ ਉਹਨਾਂ ਦਾ ਪਤਾ ਲੈਣ ਵਾਸਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਅਤੀ ਸਤਿਕਾਰਯੋਗ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋੜੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਸਟਰੀਆ ਯੂਰਪ ਦੇ ਪ੍ਰਧਾਨ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਅਤੇ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਚੀਫ ਐਡਵਾਈਜ਼ਰ ਪੰਜਾਬ ਅਤੇ ਭਾਈ ਗੁਰਭੇਜ ਸਿੰਘ ਜੀ ਭੈਣੀ ਮੱਸਾ ਸਿੰਘ ਜਿਲਾ ਪ੍ਰਧਾਨ ਤਰਨਤਾਰਨ ਅਤੇ ਸ੍ਰ ਬਲਜੀਤ ਸਿੰਘ ਜੀ ਸਪੁੱਤਰ ਜਥੇਦਾਰ ਨਛੱਤਰ ਸਿੰਘ ਜੀ ਅਮਨਦੀਪ ਹਸਪਤਾਲ ਵਿਖੇ ਪਹੁੰਚੇ ਹਨ। ਸਾਰੇ ਸਿੰਘਾਂ ਨੇ ਸੰਗਤਾਂ ਨੂੰ ਇਕ ਜ਼ਰੂਰੀ ਬੇਨਤੀ ਕੀਤੀ ਕਿ ਸਾਰੀ ਜਥੇਬੰਦੀਆਂ ਅਤੇ ਮਾਝੇ ਦੇ ਸਿੰਘਾਂ ਦਾ ਫਰਜ ਬਣਦਾ ਹੈ ਜੋ ਪਿੰਡ ਰੋੜੇ ਜਨਮ ਅਸਥਾਨ ਤੋਂ ਸਿੰਘ ਪਹੁੰਚੇ ਸਨ ਹਸਪਤਾਲ ਜੇਰੇ ਇਲਾਜ ਹਨ ਤੇ ਸਾਡਾ ਸਾਰਿਆਂ ਦਾ ਫਰਜ਼ ਬਣਦਾ ਪਿੱਛੇ ਸਿੰਘਾਂ ਦਾ ਪਤਾ ਲੈਣਾ ਉਹਨਾਂ ਦਾ ਹਾਲ ਚਾਲ ਪੁੱਛਣਾ। ਇਹ ਕਿਸੇ ਇੱਕ ਦਾ ਨਿੱਜੀ ਕੰਮ ਨਹੀਂ ਬਲਕਿ ਕੌਮ ਦਾ ਕੰਮ ਹੈ। ਬਾਬਾ ਸੱਜਣ ਸਿੰਘ ਜੀ ਵੱਲੋਂ ਸਾਰੇ ਸਿੰਘਾਂ ਦੀ ਚੜ੍ਹਦੀ ਕਲ੍ਹਾ ਲਈ ਅਰਦਾਸ ਬੇਨਤੀ ਕੀਤੀ ਗਈ।

# ਬਾਬਾ ਦੀਪ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਲੰਗਰ ਲਗਾਏ



ਚੌਂਕ ਮਹਿਤਾ–ਕਸਬੇ ਦੀ ਸਥਾਨਕ ਮਹਿਤਾ ਰੋਡ ਵਿਖੇ ਪੁਰਬਾ ਮਾਰਕੀਟ ਦੇ ਸਮੂਹ ਦੁਕਾਨਦਾਰਾਂ ਵੱਲੋਂ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੈ ਨੂੰ ਸਮਰਪਿਤ ਲੰਗਰ ਲਗਾਏ ਗਏ। ਇਸ ਦੌਰਾਨ ਡਾ. ਯੁੱਧਬੀਰ ਸਿੰਘ ਬਾਵਾ,ਜੰਗ ਪੁਰਬਾ, ਅਰਸ਼ੀ ਪੁਰਬਾ,ਸੋਨਾ ਪੁਰਬਾ, ਸਕਿੰਟੂ ਪੁਰਬਾ,ਕਾਲਾ,ਲੱਕੀ,ਮਨਦੀਪ ਸਿੰਘ ਮਿੰਟੂ ,ਗੁਰਮੁੱਖ ਸਿੰਘ,ਸਿਲਕੀ ਪੁਰਬਾ ,ਮਿਲਕੀ ਪੁਰਬਾ,ਲਾਲੀ ਆਦਿ ਵੱਲੋਂ ਸੇਵਾ ਨਿਭਾਈ ਗਈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243



ਚੌਂਕ ਮਹਿਤਾ-ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੈ ਮੌਕੇ ਸਥਾਨਕ ਮਹਿਤਾ ਰੋਡ ਵਿਖੇ ਲਗਾਏ ਗਏ ਲੰਗਰਾਂ ਦੌਰਾਨ ਬਰਤਨ ਸਾਫ ਕਰਨ ਦੀ ਸੇਵਾ ਕਰਦੀਆ ਹੋਈਆਂ ਬੀਬੀਆਂ।

# ਸਰਕਾਰੀ ਆਈ ਟੀ ਆਈ ਹੁਸ਼ਿਆਰਪੁਰ ਵਿਖੇ 'ਆਖਿਰ ਕਦੋਂ ਤੱਕ' ਨੁੱਕੜ ਨਾਟਕ ਖੇਡਿਆ ਗਿਆ



**ਹੁਸ਼ਿਆਰਪੁਰ, 30 ਜਨਵਰੀ (ਆਵਾਜ਼ਿ ਕੌਮ ਬਿਊਰੋ)**-'ਆਖਿਰ ਕਦੋਂ ਤੱਕ' ਨੁੱਕੜ ਨਾਟਕ ਦਾ ਆਯੋਜਨ ਸਰਕਾਰੀ ਆਈ ਟੀ ਆਈ ਹੁਸ਼ਿਆਰਪੁਰ ਵਿਖੇ ਖੇਡਿਆ ਗਿਆ। ਕਾਰਜਕਾਰੀ ਪ੍ਰਿੰਸੀਪਲ ਸ੍ਰੀ ਗੁਰਨਾਮ ਸਿੰਘ ਦੀ ਅਗਵਾਈ ਵਿੱਚ ਟੀ.ਓ. ਅਸ਼ਵਨੀ ਕੁਮਾਰ, ਵਿਜੇ ਕੁਮਾਰ, ਨੋਡਲ ਅਫਸਰ ਹੰਸ ਰਾਜ ਵਲੋਂ ਸਿਖਿਆਰਥੀਆਂ ਨੂੰ ਨਸ਼ੇ ਦੇ ਬੁਰੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਅਤੇ ਇਸ ਤੋਂ ਬਚਣ ਲਈ ਜਾਗਰੁਕ ਕਰਨ ਲਈ ਨੁੱਕੜ ਨਾਟਕ 'ਆਖਿਰ ਕਦੋਂ ਤੱਕ' ਦਾ ਆਯੋਜਨ ਕਰਵਾਇਆ ਗਿਆ। ਇਸ ਮੌਕੇ ਰੈੱਡ ਆਰਟ ਪੰਜਾਬ ਗਰੁੱਪ ਦੇ ਕਲਾਕਾਰ ਰਾਜਵੀਰ ਰਾਜ, ਮਲਕੀਤ ਮਹਿਰਾ, ਹਰਿੰਦਰ ਸਿੰਘ ਨੇ ਨੁੱਕੜ ਨਾਟਕ ਵਿੱਚ ਉੱਤਮ ਪੇਸ਼ਕਾਰੀ ਰਾਹੀਂ ਸਕੂਲਾਂ, ਕਾਲਜਾਂ ਵਿੱਚ ਪੜ੍ਹਦੇ ਨੌਜਵਾਨਾਂ ਦੇ ਮਾਰੂ ਨਸ਼ਿਆਂ ਵਿੱਚ ਪੈਣ ਦੇ ਕਾਰਨਾਂ ਤੋਂ ਸਾਵਧਾਨ ਕਰਵਾਉਦਿਆਂ ਇਨ੍ਹਾਂ ਤੋਂ ਬਚਣ ਦੇ ਢੰਗ ਤਰੀਕਿਆਂ ਤੋਂ ਜਾਣੂ ਕਰਵਾਇਆ। ਇਸ ਮੌਕੇ ਟ੍ਰੇਨਿੰਗ ਅਫਸਰ ਸਤਪਾਲ ਸਿੰਘ, ਮਸਤ ਰਾਮ, ਸਤਪਾਲ, ਦਵਿੰਦਰ ਸਿੰਘ, ਦਿਆਲ ਸਿੰਘ, ਕਮਲਪ੍ਰੀਤ ਕੋਰ, ਰਜਿੰਦਰ ਸਿੰਘ, ਪੁਨੀਤ ਕੋਰ, ਜਗਦੀਪ ਸਿੰਘ, ਮਨਜਿੰਦਰ ਸਿੰਘ, ਸੰਗੀਤਾ, ਪੁਰਵਿੰਦਰ ਕੋਰ, ਹਬਿੰਦਰ ਸਿੰਘ, ਅਵਤਾਰ ਸਿੰਘ, ਸ਼ਤੀਸ ਕੁਮਾਰ, ਗੁਰਮੇਲ ਸਿੰਘ, ਪੁਸ਼ਪਿੰਦਰ ਸਿੰਘ, ਗੁਰਿੰਦਰਪਾਲ ਸਿੰਘ ਚੰਦਰ ਸ਼ੇਖਰ ਆਜ਼ਾਦ , ਰਵੀ ਕੁਮਾਰ, ਦਲਜੀਤ ਸਿੰਘ, ਗਰਿਮਾ, ਇੰਦਰਜੀਤ ਕੌਰ, ਰਮਨ ਕੁਮਾਰ, ਲਖਵਿੰਦਰ ਸਿੰਘ, ਗੁਰਲਾਲ, ਅਨਿਲ ਕੁਮਾਰ, ਰਵੀਨਾ, ਬਲਜਿੰਦਰ ਸਿੰਘ, ਨਰੇਸ਼ ਕੁਮਾਰ, ਰਵਿੰਦਰ ਸਿੰਘ, ਸੁਖਵਿੰਦਰ ਸਿੰਘ, ਮਨਦੀਪ ਸਿੰਘ ਤੋਂ ਇਲਾਵਾ ਸੰਸਥਾ ਦੇ ਹੋਰ ਸਟਾਫ ਮੈਂਬਰ ਅਤੇ ਸਮੂਹ ਸਿਖਿਆਰਥੀ ਹਾਜਰ ਸਨ।

# ਆਰ.ਐਮ.ਪੀ.ਆਈ. ਨੇ ਮਹਾਤਮਾ ਗਾਂਧੀ ਦੇ ਸ਼ਹੀਦੀ ਦਿਹਾੜੇ ਨੂੰ ਸੰਕਲਪ ਦਿਵਸ ਵਜੋਂ ਮਨਾਇਆ



**ਹੁਸ਼ਿਆਰਪੁਰ, 30 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (RMPI) ਵਲੋਂ ਮਹਾਤਮਾ ਗਾਂਧੀ ਦਾ ਸ਼ਹਾਦਤ ਦਿਵਸ ਸੰਕਲਪ ਦਿਸ ਵਜੋਂ ਮਨਾਇਆ ਗਿਆ। ਇਥੇ ਮੁਲਾਜ਼ਮ ਭਵਨ ਵਿੱਚ ਜਿਲ੍ਹਾ ਪ੍ਰਧਾਨ ਗਿਆਨ ਸਿੰਘ ਗੁਪਤਾ ਅਤੇ ਵਿੱਤ ਸਕੱਤਰ ਸਤਪਾਲ ਲੱਠ ਦੀ ਅਗਵਾਈ ਹੇਠ ਸਮਾਗਮ ਕਰਵਾਇਆ ਗਿਆ। ਜਿਸ ਵਿਚ ਪਾਰਟੀ ਦੇ ਵੱਡੀ ਗਿਣਤੀ ਸਮਰਥਕ ਅਤੇ ਹਮਦਰਦ ਸ਼ਾਮਲ ਹੋਏ, ਪਾਰਟੀ ਦੇ ਕੇਂਦਰੀ ਕਮੇਟੀ ਮੈਂਬਰ ਸਾਥੀ ਹਰਕੰਵਲ ਸਿੰਘ,ਸੂਬਾ ਕਮੇਟੀ ਮੈਂਬਰ ਸਾਥੀ ਸ਼ਵਿ ਕੁਮਾਰ ਅਮਰੋਹੀ ਅਤੇ ਮਾਸਟਰ (ਰਿਟਾ.) ਜੈ ਰਾਮ ਆਦਿ ਨੇ ਦੇਸ਼ ਦੀ ਮੌਜੂਦਾ ਰਾਜਨੀਤਕ, ਸਮਾਜਿਕ ਅਤੇ ਆਰਥਿਕਕ ਅਵਸਥਾ 'ਤੇ ਚਿੰਤਾ ਪ੍ਰਗਟ ਕੀਤੀ। ਬੁਲਾਰਿਆਂ ਨੇ ਮੌਜੂਦਾ ਫਾਸੀਵਾਦੀ ਅਤੇ ਵੰਡਪਾਊ ਤਾਕਤਾਂ ਖਿਲਾਫ਼ ਇੱਕ ਜੁਟ ਹੋਣ ਦਾ ਸੱਦਾ ਦਿੱਤਾ ।

ਮਹਾਤਮਾ ਗਾਂਧੀ ਨੂੰ ਚੇਤੇ ਕਰਦਿਆਂ ਦੇਸ਼ ਦੀ ਬਿਹਤਰੀ ਲਈ ਬੁਲਾਰਿਆਂ ਨੇ ਹਾਜ਼ਰੀਨ ਨੂੰ ਆਰ.ਐਸ. ਐਸ./ਭਾਜਪਾ ਦੀਆਂ ਕੇਂਦਰੀਕਰਨ, ਕਾਰਪੋਰੇਟ ਪੱਖੀ ਅਤੇ ਲੋਕ ਵਿਰੋਧੀ ਨੀਤੀਆਂ ਤੋਂ ਚੌਕਸ ਕੀਤਾ। ਅਗਾਮੀ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਹਰਾਉਣ ਦਾ ਸੱਦਾ ਦਿੱਤਾ। ਅੱਜ ਦੇਸ਼ ਮਹਿੰਗਾਈ, ਬੇਰੁਜਗਾਰੀ ,ਭ੍ਰਿਸ਼ਟਾਚਾਰ, ਫਿਰਕਾਪ੍ਰਸਤੀ ਨਾਲ ਜੂਝ ਰਿਹਾ ਹੈ, ਮੋਦੀ ਸਰਕਾਰ ਧਰਮ ਵਿਸ਼ੇਸ਼ ਦੇ ਲਬਾਦੇ ਹੇਠ ਆਪਣੀਆਂ ਨਾਕਾਮੀਆਂ 'ਤੇ ਪਰਦਾ ਪੈ ਕੇ ਲੋਕਾਂ ਨੂੰ ਵੰਡਣ ਦਾ ਕੰਮ ਕਰ ਰਹੀ ਹੈ। ਆਰ.ਐਮ.ਪੀ.ਆਈ. ਨੇ ਸੰਕਲਪ ਦਿਵਸ 'ਤੇ ਭਾਜਪਾ ਦੀਆਂ ਲੋਕ ਮਾਰੂ ਅਤੇ ਵੰਡ ਪਾਊ ਨੀਤੀਆਂ ਖਿਲਾਫ ਜਿਲ੍ਹੇ ਭਰ ਵਿਚ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕੀਤਾ।